A1 Roofing & Siding Ltd.
•ROOFING •SIDING •SOFFIT •STUCCO •HARDIE •FASCIA •EAVESTROUGH
ਘਰਾਂ ਦੀਆਂ ਛੱਤਾਂ ਅਤੇ ਸਾਈਡਿੰਗ, ਸਟੱਕੋ ਦਾ ਤਸੱਲੀਬਖ਼ਸ਼ ਕੰਮ ਕਰਵਾਓ
Jaswinder 403-614-2094
Harwinder 403-402-5615



The Punjabi Newspaper
ਪੰਜਾਬੀਅਤ ਦਾ ਪਹਿਰੇਦਾਰ

# ਪੰਜਾਬੀ ਅਖ਼ਬਾਰ
Punjabi Akhbaar

ਮੁੱਖ ਸੰਪਾਦਕ: ਹਰਬੰਸ ਬੁੱਟਰ 403 640 2000
Chief Editor : Harbans Buttar



Look & Find your dream home with
MANJIT JASWAL REALTOR®
THE NAME YOU CAN TRUST FOR YOUR ALL BUYING & SELLING REAL ESTATE NEEDS
CENTURY 21 Bravo Realty
403.861.2253



Vol: 13 No: 291 Website : www.punjabiakhbaar.ca Email: editor@punjabiakhbaar.ca Friday, 8 May 2026


# ਬੰਗਾਲ ’ਚ ਭਾਜਪਾ ਨੇ ਗੱਡਿਆ ਜਿੱਤ ਦਾ ਝੰਡਾ

ਨਵੀਂ ਦਿੱਲੀ (ਪੰਜਾਬੀ ਅਖਬਾਰ ਬਿਊਰੋ): ਦੇਸ਼ ਦੇ 5 ਸੂਬਿਆਂ ਵਿੱਚ ਹੋਈਆਂ ਵਿਧਾਨ ਸਭਾ ਚੋਣਾਂ ਦੇ ਚਿਰ ਤੋਂ ਉਡੀਕੇ ਜਾ ਰਹੇ ਨਤੀਜਿਆਂ ਦਾ ਚੋਣ ਕਮਿਸ਼ਨ ਵੱਲੋਂ ਐਲਾਨ ਕੀਤਾ ਗਿਆ। ਬੰਗਾਲ ਵਿੱਚ ਭਾਜਪਾ ਨੇ ਮਮਤਾ ਬੈਨਰਜੀ ਦੀ ਟੀ.ਐਮ.ਸੀ. ਦੇ ਰਾਜ ਦਾ ਖ਼ਾਤਮਾ ਕਰਦਿਆਂ ਸਰਕਾਰ ਬਣਾਉਣ ਲਈ ਰਾਹ ਸਾਫ਼ ਕਰ ਲਿਆ ਹੈ। ਇਥੇ ਇਹ ਗੱਲ ਜ਼ਿਕਰਯੋਗ ਹੈ ਕਿ ਮਮਤਾ ਬੈਨਰਜੀ ਆਪਣੀ ਭਾਵਨੀਪੁਰ ਸੀਟ ਭਾਜਪਾ ਉਮੀਦਵਾਰ ਅਧਿਕਾਰੀ ਸੁਵੇਂਦ ਤੋਂ 15113 ਵੋਟਾਂ ਦੇ ਫਰਕ ਨਾਲ ਹਾਰ ਗਈ। ਆਸਾਮ ਵਿੱਚ ਪਾਰਟੀ ਨੇ ਲਗਾਤਾਰ ਤੀਜੀ ਵਾਰ ਜਿੱਤ ਪ੍ਰਾਪਤ ਕਰਕੇ ਸੱਤਾ ’ਤੇ ਆਪਣੀ ਪਕੜ ਹੋਰ ਮਜ਼ਬੂਤ ਕਰ ਲਈ ਹੈ। ਪੁਡੂਚੇਰੀ ਵਿੱਚ ਭਾਜਪਾ ਦੀ ਅਗਵਾਈ ਵਾਲੇ ਐਨ.ਡੀ.ਏ. ਗਠਜੋੜ ਨੇ ਬਹੁਮਤ ਹਾਸਲ ਕਰ ਲਿਆ ਹੈ। ਕੇਰਲਾ ਵਿੱਚ ਕਾਂਗਰਸ ਦੇ ਗਠਜੋੜ ਯੂ.ਡੀ.ਐਫ. ਨੇ ਜਿੱਤ ਦੇ ਝੰਡੇ ਗੱਡੇ ਹਨ ਜਦ ਕਿ ਤਾਮਿਲਨਾਡੂ ਵਿੱਚ ਅਭਿਨੇਤਾ ਵਿਜੇ ਦੀ ਨਵੀਂ ਪਾਰਟੀ ਟੀ.ਵੀ.ਕੇ. ਨੇ ਸਭ ਤੋਂ ਵੱਡੀ ਪਾਰਟੀ ਵਜੋਂ ਉਭਰ ਕੇ ਸਿਆਸਤਦਾਨਾਂ ਨੂੰ ਹੈਰਾਨ ਕਰ ਦਿੱਤਾ ਹੈ। ਖ਼ਬਰ ਲਿਖੇ ਜਾਣ ਤੱਕ ਇਨ੍ਹਾਂ ਨਤੀਜਿਆਂ ਅਨੁਸਾਰ ਪੱਛਮੀ ਬੰਗਾਲ ਦੀਆਂ 293 ਵਿਧਾਨ ਸਭਾ ਸੀਟਾਂ ਵਿੱਚ ਭਾਰਤੀ ਜਨਤਾ ਪਾਰਟੀ (ਭਾਜਪਾ) ਨੇ ਇਤਿਹਾਸਕ ਜਿੱਤ ਦਰਜ ਕੀਤੀ ਹੈ। ਤਾਜ਼ਾ ਅੰਕੜਿਆਂ ਅਨੁਸਾਰ ਭਾਜਪਾ ਨੇ ਸਰਕਾਰ ਬਣਾਉਣ ਲਈ ਲੋੜੀਂਦੇ ਅੰਕੜੇ ਨੂੰ ਪਾਰ ਕਰ ਲਿਆ ਹੈ ਅਤੇ ਉਹ 200 ਤੋਂ ਵੱਧ ਸੀਟਾਂ ਜਿੱਤਦੀ ਨਜ਼ਰ ਆਈ। ਦੂਜੇ ਪਾਸੇ, ਸੱਤਾਧਾਰੀ ਤ੍ਰਿਣਮੂਲ ਕਾਂਗਰਸ (ਟੀ.ਐਮ.ਸੀ.) ਲਈ ਇਹ ਵੱਡਾ ਝਟਕਾ ਹੈ ਕਿਉਂਕਿ ਪਾਰਟੀ 100 ਸੀਟਾਂ ਦਾ ਅੰਕੜਾ ਵੀ ਪਾਰ ਨਹੀਂ ਕਰ ਸਕੀ। ਕਾਂਗਰਸ ਨੇ 2, ਏ.ਜੇ.ਯੂ.ਪੀ. ਨੇ 2 ਅਤੇ ਸੀ.ਪੀ.ਆਈ.ਐਮ. 1 ਸੀਟ ’ਤੇ ਜੇਤੂ ਰਹੀ ਹੈ। ਦੂਜੇ ਪਾਸੇ ਆਸਾਮ ’ਚ ਭਾਜਪਾ ਨੇ ਜਿੱਤ ਦੀ ਹੈਟ੍ਰਿਕ ਬਣਾਉਂਦਿਆਂ ਕੁੱਲ 126 ਸੀਟਾਂ ਵਿੱਚੋਂ ਭਾਜਪਾ ਨੇ 81 ਸੀਟਾਂ ਜਿੱਤ ਕੇ ਸਪੱਸ਼ਟ ਬਹੁਮਤ ਹਾਸਲ ਕਰ ਲਿਆ ਹੈ। ਸੂਬੇ ’ਚ ਕਾਂਗਰਸ 18, ਬੀ.ਓ.ਪੀ.ਐਫ. ਨੂੰ 10, ਏ.ਜੀ.ਪੀ. ਨੂੰ 10 ਅਤੇ ਏ.ਆਈ.ਯੂ.ਡੀ.ਐਫ. ਨੂੰ 2 ਸੀਟਾਂ ਮਿਲੀਆਂ ਹਨ।



ਪੁਡੂਚੇਰੀ ਵਿਧਾਨ ਸਭਾ ਚੋਣਾਂ ਚ ਭਾਜਪਾ ਦੀ ਅਗਵਾਈ ਵਾਲੇ ਐੱਨ.ਡੀ.ਏ. ਗਠਜੋੜ ਨੇ ਬਹੁਮਤ ਹਾਸਲ ਕਰਕੇ ਸ਼ਾਨਦਾਰ ਜਿੱਤ ਦਰਜ ਕੀਤੀ ਹੈ।30 ਵਿਧਾਨ ਸਭਾ ਹਲਕਿਆਂ ਲਈ ਹੋਈ ਵੋਟਾਂ ਦੀ ਗਿਣਤੀ ਵਿੱਚ ਗਠਜੋੜ ਨੇ 18 ਸੀਟਾਂ ਜਿੱਤ ਕੇ ਸਪੱਸ਼ਟ ਬਹੁਮਤ ਪ੍ਰਾਪਤ ਕਰ ਲਿਆ ਹੈ। ਦੂਜੇ ਪਾਸੇ, ਕਾਂਗਰਸ ਨੂੰ ਕੇਵਲ 6 ਸੀਟਾਂ ਮਿਲੀਆਂ ਹਨ ਅਤੇ ਟੀ.ਵੀ.ਕੇ. ਨੇ 3 ਸੀਟਾਂ ’ਤੇ ਜਿੱਤ ਹਾਸਲ ਕੀਤੀ ਹੈ।


GOLDEN HARMONY CARE
ਬਜ਼ੁਰਗਾਂ ਦੀ ਸਾਂਭ-ਸੰਭਾਲ ਦਾ ਫਿਕਰ ਛੱਡੋ, ਉਹ ਤੁਹਾਡੇ ਘਰ ਆਕੇ ਅਸੀਂ ਕਰਾਂਗੇ
ਆਪਣੇ ਘਰ ਵਿੱਚ ਮੁਫ਼ਤ ਸਲਾਹ-ਮਸ਼ਵਰੇ ਲਈ ਅੱਜ ਹੀ ਬੁਕਿੰਗ ਕਰੋ।
ਹੁਣੇ ਕਾਲ ਕਰੋ - 403-439-6688
goldenharmonycare@gmail.com
info@goldenharmonycare.ca
www.goldenharmonycare.ca
ਘਰ ਵਿੱਚ ਦੇਖਭਾਲ ਸੇਵਾ
- ਨਿੱਜੀ ਦੇਖਭਾਲ
- ਡਿਮੈਂਸ਼ੀਆਂ ਕੇਅਰ
- ਖਾਣਾ ਬਣਾਉਣਾ
- ਸਫਾਈ
- ਸਾਥ-ਸੰਗਤ
- ਹੋਸਪਿਸ ਸਮਰਥਨ
- ਆਵਾਜਾਈ ਸੇਵਾ
- ਰੈਸਪਾਈਟ ਕੇਅਰ
- ਨਰਸਿੰਗ ਸੇਵਾਵਾਂ
- 24 ਘੰਟੇ ਦੇਖਭਾਲ
ਮਰੀਜ਼ ਲਈ ਕੋਈ ਖਰਚਾ ਨਹੀਂ
ਏਐਚਐਸ ਦੁਆਰਾ ਮਨਜ਼ੂਰ
ਸੀਡੀਐਚਸੀਆਈ ਦੁਆਰਾ ਮਨਜ਼ੂਰ
ਸਰਕਾਰੀ ਫੰਡ ਨਾਲ ਘਰ ਵਿੱਚ ਦੇਖਭਾਲ ਦੀਆਂ ਸੇਵਾਵਾਂ।
Golden Harmony Care ਤੁਹਾਡੀਆਂ ਮਨਜ਼ੂਰਸ਼ੁਦਾ ਸੇਵਾਵਾਂ ਲਈ AHS ਨੂੰ ਸਿੱਧਾ ਬਿੱਲ ਭੇਜਦਾ ਹੈ, ਬਿਨਾਂ ਕੋਈ ਵਾਧੂ ਖਰਚਾ ਲਏ।
ਕੈਲਗਰੀ, ਐਡਮੰਟਨ ਅਤੇ ਆਲੇ-ਦੁਆਲੇ ਦੇ ਸਾਰੇ ਖੇਤਰਾਂ ਵਿੱਚ ਸੇਵਾ ਪ੍ਰਦਾਨ ਕਰਦਾ ਹੈ
ਮੈਡੀਕਲ ਅਤੇ ਪੈਰਾਮੈਡਿਕ ਤਜਰਬੇ ਵਾਲੀਆਂ ਤੁਹਾਡੀਆਂ ਆਪਣੀਆਂ ਪੰਜਾਬੀ ਕੁੜੀਆਂ



ਕਰਜ਼ਾ ਸਿਰ ਚੜ੍ਹ ਜਾਵੇ ਤਾਂ ਘਬਰਾਉਣ ਦੀ ਲੋੜ ਨਹੀਂ ਸਗੋਂ ਕਰਜ਼ੇ ਦੀ ਸੈਟਲਮੈਂਟ ਲਈ ਚੰਗੀ ਸਲਾਹ ਦੀ ਲੋੜ ਹੁੰਦੀ ਹੈ।
ਪੰਜਾਬੀ ਵਿੱਚ ਗੱਲਬਾਤ ਕਰਨ ਲਈ
ਹਰਮਨ ਬੁੱਟਰ ਜਾਂ ਸਿਮੀ ਪੰਧੇਰ ਨਾਲ ਸੰਪਰਕ ਕਰੋ
Harman Buttar, BA, CIRP, LIT, Managing Partner
harmanb@bnadebtsolutions.ca
Simmie Pandher, Senior Administrator
Simmiep@bnadebtsolutions.ca
• Licensed Insolvency Trustees • Proposal Administrators
BNA™ Debt Solutions
P: 403-232-6220
F: 403-232-6262
#150, 703-64th Ave. SE
Calgary, AB T2H 2C3
www.bnadebtsolutions.ca



Narmaan Sidhu
Mortgage Expert
License # 510430
ਘਰ ਦੀ ਮਾਰਗੇਜ ਦਾ ਹੱਲ! ਨਰਮਾਣ ਸਿੱਧੂ ਕੋਲ ਚੱਲ
Alberta & Saskatchewan
403.818.0140
narmaan.sidhu@dominionlending.ca
www.NarmaanSidhu.com
THE MORTGAGE FIRM
Dominion Lending Centres



SAHIL MITTU
Director
+1 548 400 0001
www.affinitycabinets.ca
info@affinitycabinets.ca
Unit - H, 2121 39 Avenue NE, Calgary AB - T2E 6R7
Affinity CABINETS
·Closets ·Wet Bars ·Book Shelving ·Cabinetry
ਘਰ ਦੀ ਦਿੱਖ ਵੁੱਡ ਵਰਕ ਵਿੱਚੋਂ ਹੀ ਬੋਲਦੀ ਹੈ
ਨਵੇਂ ਜਾਂ ਪੁਰਾਣੇ ਘਰਾਂ ਵਿੱਚ ਕਿਚਨ ਕੈਬਿਨਟ, ਵੈੱਟਬਾਰ, ਬੁੱਕ ਸ਼ੈਲਫ਼ ਆਦਿ ਦਾ ਸ਼ਾਨਦਾਰ ਅਤੇ ਵਾਜਿਬ ਕੀਮਤ ਉੱਪਰ ਕੰਮ ਕਰਵਾਉਣ ਲਈ ਸੰਪਰਕ ਕਰੋ



CARPET EMPIRE
Calgary Carpet Empire
SALE
CARPET, HARDWOOD, LAMINATE, TILES, VINYL PLANKS, CARPET TILES & LINO
Carpet Starting at $1.99 Sf (Burber material with installation)
FINANCING OPTIONS AVAILABLE
Special Discount Over 2000 Sf
Kam: 403 991 0074
Office: 403 510 1515
2935 19 St NE Calgary(AB) T2E7A2
sales@carpetempire.ca www.carpetempire.ca



Cityscape Family Dental
Dr. Rashmi Bajaj & Associates
403 226 2121
Serving Individuals, Families & Communities Since 2016


HARMONY®
HARBOUR
ਜਿੱਥੇ ਹਰ ਮੌਸਮ ਘਰ ਵਰਗਾ ਮਹਿਸੂਸ ਹੁੰਦਾ ਹੈ
ਝੀਲ ਅਤੇ ਬੀਚ। ਗੋਲਫ। ਪਾਰਕ ਅਤੇ ਮਨੋਰੰਜਨ । ਸ਼ਹਿਰ ਅਤੇ ਪਹਾੜ ਵੀ ਨੇੜੇ
ਨਵਾਂ ਫੇਸ
ਹੁਣ ਵੇਚ ਰਹੇ ਹਾਂ !
Starting from the high $500s
ਰਜਿਸਟਰ ਕਰਨ ਲਈ ਹੁਣੇ ਸਕੈਨ ਕਰੋ !
liveinharmony.ca

ਪੰਜਾਬੀ ਅਖ਼ਬਾਰ ਰੀਜਾਇਨਾ ਐਡੀਸ਼ਨ ਵਿੱਚ ਐਡਵਰਟਾਈਜ਼ਮੈਂਟ ਦੇਣ ਲਈ ਗੁਰਬਿੰਦਰ ਸਿੰਘ ਗਾਗੋਵਾਲ ਨਾਲ ਸੰਪਰਕ ਕਰੋ

1 306 520 4313

ਮੁੱਖ ਦਫਤਰ: 1 403 640 2000

The Punjabi Newspaper

ਪੰਜਾਬੀਅਤ ਦਾ ਪਰਚਮ

# ਪੰਜਾਬੀ ਅਖ਼ਬਾਰ

Punjabi Akhbaar

ਮੁੱਖ ਸੰਪਾਦਕ: ਹਰਬੰਸ ਬੁੱਟਰ 403 640 2000

Chief Editor : Harbans Buttar

Vol: 13 No: 291 Website : www.punjabiakhbaar.ca Email: editor@punjabiakhbaar.ca Friday, 24 April 2026


# ਕੈਨੇਡਾ ਹੁਣ 33 ਹਜ਼ਾਰ ਹੋਰ ਕਾਮਿਆਂ ਨੂੰ PR ਦੇਵੇਗਾ

ਰੀਜ਼ਾਇਨਾ (ਪੰਜਾਬੀ ਅਖਬਾਰ ਬਿਊਰੋ)- ਵਰਕ ਪਰਮਿਟਾਂ 'ਤੇ ਲੰਬੇ ਸਮੇਂ ਤੋਂ ਰਹਿ ਰਹੇ ਕੈਨੇਡੀਅਨਾਂ ਨੂੰ ਸਥਾਈ ਨਾਗਰਿਕਤਾ ਮਿਲਣ ਜਾ ਰਹੀ ਹੈ। ਕੈਨੇਡੀਅਨ ਸਰਕਾਰ ਨੇ ਇਨ-ਕੈਨੇਡਾ ਵਰਕਰਜ਼ ਇਨੀਸ਼ੀਏਟਿਵ ਦੇ ਤਹਿਤ ਦੇਸ਼ ਵਿੱਚ ਪਹਿਲਾਂ ਤੋਂ ਰਹਿ ਰਹੇ 33,000 ਕਾਮਿਆਂ ਨੂੰ ਸਥਾਈ ਨਿਵਾਸ (ਪੀਆਰ) ਦੇਣ ਦਾ ਫੈਸਲਾ ਕੀਤਾ ਹੈ। ਇਹ ਫੈਸਲਾ ਉਨ੍ਹਾਂ ਲੋਕਾਂ ਲਈ ਹੈ ਜੋ ਛੋਟੇ ਕਸਬਿਆਂ ਅਤੇ ਪੇਂਡੂ ਖੇਤਰਾਂ ਵਿੱਚ ਰਹਿ ਕੇ ਕੈਨੇਡਾ ਦੀ ਆਰਥਿਕਤਾ ਵਿੱਚ ਯੋਗਦਾਨ ਪਾ ਰਹੇ ਹਨ। ਕੈਨੇਡਾ ਮਜ਼ਦੂਰਾਂ ਦੀ ਘਾਟ ਦਾ ਸਾਹਮਣਾ ਕਰ ਰਿਹਾ ਹੈ। ਨਤੀਜੇ ਵਜੋਂ, ਸਰਕਾਰ ਨੇ ਪੇਂਡੂ ਅਤੇ ਛੋਟੇ ਕਸਬਿਆਂ ਵਿੱਚ ਕੰਮ ਕਰਨ ਵਾਲਿਆਂ ਨੂੰ ਨਾਗਰਿਕਤਾ ਦੇਣ ਦਾ ਫੈਸਲਾ ਕੀਤਾ ਹੈ। ਕੈਨੇਡਾ ਦੀ ਇਮੀਗ੍ਰੇਸ਼ਨ ਮੰਤਰੀ, ਲੀਨਾ ਮੇਟਲੇਜ-ਡਿਆਬ, ਨੇ ਐਲਾਨ




ਕੀਤਾ ਹੈ ਕਿ, ਬਜਟ 2025 ਵਿੱਚ ਵਾਅਦੇ ਅਨੁਸਾਰ, ਪੀਆਰ ਹੁਣ ਵਰਕ ਪਰਮਿਟ ਵਾਲਿਆਂ ਨੂੰ ਤੇਜ਼ੀ ਨਾਲ ਦਿੱਤਾ ਜਾਵੇਗਾ। ਸਰਕਾਰ ਦਾ ਟੀਚਾ 2026 ਤੱਕ ਘੱਟੋ-ਘੱਟ 20,000 ਕਾਮਿਆਂ ਨੂੰ ਪੀਆਰ ਦੇਣ ਦਾ ਹੈ। ਬਾਕੀ ਰਹਿੰਦੇ ਬਿਨੈਕਾਰਾਂ ਦੀ ਪ੍ਰਕਿਰਿਆ 2027 ਵਿੱਚ ਪੂਰੀ ਕੀਤੀ ਜਾਵੇਗੀ। ਮੰਤਰੀ ਨੇ ਕਿਹਾ ਕਿ 2026 ਦੇ ਪਹਿਲੇ ਦੋ ਮਹੀਨਿਆਂ (ਜਨਵਰੀ-ਫਰਵਰੀ) ਵਿੱਚ, 3,600 ਲੋਕਾਂ ਨੂੰ ਇਸ ਸਕੀਮ ਤਹਿਤ ਪਹਿਲਾਂ ਹੀ ਸਥਾਈ ਨਿਵਾਸ ਪ੍ਰਾਪਤ ਹੋ ਚੁੱਕਾ ਹੈ।ਕੈਨੇਡੀਅਨ ਸਰਕਾਰ ਦੀ ਇਸ ਨੀਤੀ ਦਾ ਸਭ ਤੋਂ ਵੱਧ ਲਾਭ ਉਨ੍ਹਾਂ ਲੋਕਾਂ ਨੂੰ ਹੋਵੇਗਾ ਜੋ ਲੰਬੇ ਸਮੇਂ ਦੇ ਵਰਕ ਪਰਮਿਟਾਂ 'ਤੇ ਕੈਨੇਡਾ ਵਿੱਚ ਰਹੇ ਹਨ ਅਤੇ ਪੀਆਰ ਦੀ ਉਡੀਕ ਕਰ ਰਹੇ ਹਨ। ਕੈਨੇਡੀਅਨ ਸਰਕਾਰ ਆਪਣੀ ਅਧਿਕਾਰਤ ਵੈੱਬਸਾਈਟ 'ਤੇ ਇਸ ਪੂਰੇ ਮਿਸ਼ਨ ਦੀ ਪ੍ਰਗਤੀ ਨੂੰ ਟਰੈਕ ਕਰ ਰਹੀ ਹੈ। ਇਸਨੂੰ ਹਰ ਮਹੀਨੇ ਅਪਡੇਟ ਕੀਤਾ ਜਾਵੇਗਾ ਤਾਂ ਜੋ ਬਿਨੈਕਾਰ ਜਾਣ ਸਕਣ ਕਿ ਕਿੰਨੇ ਲੋਕਾਂ ਨੂੰ ਪੀਆਰ ਮਿਲਿਆ ਹੈ।

## ਪੰਜਾਬੀ ਨੌਜਵਾਨ ਕੈਨੇਡਾ ਤੋਂ ਹੋਇਆ ਡਿਪੋਰਟ

ਰੀਜ਼ਾਇਨਾ (ਪੰਜਾਬੀ ਅਖਬਾਰ ਬਿਊਰੋ) – ਕੈਨੇਡਾ ਦੇ ਸਰੀ ਸ਼ਹਿਰ ਵਿੱਚ ਸਰਗਰਮ ਜਬਰਨ ਵਸੂਲੀ ਅਤੇ ਫਿਰੌਤੀ ਗਿਰੋਹ ਦੇ ਖਿਲਾਫ ਕਾਰਵਾਈ ਕਰਦਿਆਂ ਪੁਲਿਸ ਨੇ ਪੰਜਾਬੀ ਮੂਲ ਦੇ 20 ਸਾਲਾ ਨੌਜਵਾਨ ਦੀ ਫੋਟੋ ਜਨਤਕ ਕੀਤੀ ਹੈ। 4 ਮਈ ਨੂੰ ਜਾਰੀ ਕੀਤੇ ਗਏ ਇਸ ਵੇਰਵੇ ਅਨੁਸਾਰ ਇਸ ਨੌਜਵਾਨ ਦੀ ਪਛਾਣ ਪ੍ਰਭਜੋਤ ਸਿੰਘ ਵਜੋਂ ਹੋਈ ਹੈ, ਜਿਸ 'ਤੇ ਰੈਨਸਮਵੇਅਰ (Ransomware) ਓਪਰੇਸ਼ਨਾਂ ਅਤੇ ਹੋਰ ਅਪਰਾਧਿਕ ਗਤੀਵਿਧੀਆਂ ਵਿੱਚ ਸ਼ਾਮਲ ਹੋਣ ਦੇ ਦੋਸ਼ ਹਨ। ਸਰੀ ਪੁਲਿਸ ਸਰਵਿਸ (SPS) ਅਨੁਸਾਰ 2026 ਦੇ ਸ਼ੁਰੂ ਵਿੱਚ ਇਸ ਨੌਜਵਾਨ ਦੀਆਂ ਗਤੀਵਿਧੀਆਂ ਸ਼ੱਕ ਦੇ ਘੇਰੇ ਵਿੱਚ ਆਈਆਂ ਸਨ, ਜਿਸ ਤੋਂ ਬਾਅਦ ਤੁਰੰਤ ਕਾਰਵਾਈ ਕਰਦਿਆਂ ਉਸਨੂੰ ਗ੍ਰਿਫਤਾਰ ਕਰ ਲਿਆ ਗਿਆ ਸੀ। ਗ੍ਰਿਫਤਾਰੀ ਤੋਂ ਬਾਅਦ ਜਦੋਂ ਕੈਨੇਡਾ ਬਾਰਡਰ ਸਰਵਿਸਿਜ਼ ਏਜੰਸੀ (CBSA) ਨੇ ਇਮੀਗ੍ਰੇਸ਼ਨ ਸਬੰਧੀ ਜਾਂਚ ਕੀਤੀ ਤਾਂ ਪਾਇਆ ਗਿਆ ਕਿ ਪ੍ਰਭਜੋਤ ਸਿੰਘ ਕੈਨੇਡਾ ਵਿੱਚ ਰਹਿਣ ਦੇ ਯੋਗ ਨਹੀਂ ਸੀ, ਜਿਸ ਕਾਰਨ ਉਸਨੂੰ ਡਿਪੋਰਟ ਕਰ ਦਿੱਤਾ ਗਿਆ।


AERO SIGN & PRINT INC. RELIABLE AND AFFORDABLE www.aerosign.ca
WHOLESALE CHANNEL LETTERS, LAWN SIGNS & PRINTING
403.764.7000
Email: sales@aerosign.ca 4852 50 Ave NE, Calgary, AB T3J 4L8

RANDY SINGH
306.361.7810
REALTOR®, CENTURY 21 Fusion
Residential | Commercial | Farm
Home Buyer & Listing Specialist!
Serving Saskatoon, Warman, Martensville and surrounding area, offering the highest level of expertise and service with integrity.
AWARD WINNING SERVICE
CENTURION® Team (C21 Canada 2025)
Top 30 Under 30 by Units (C21 Canada 2023)
randy.singh@c21.ca | randysinghrealty.com

DA INDIA CURRY HOUSE
"We take food Seriously"
Dine-In | Pub | Takeout | Catering (Indoor and Outdoor)
ਇਥੇ ਮਸਾਲਾ ਲੱਗਿਆ ਚਿਕਨ ਵੀ ਮਿਲਦਾ ਹੈ।
10% Discount ON ONLINE ORDERS
www.daindiacurry.com
Ph: 306-522-1331
WE ARE ON
# 806 Victoria Ave, Regina S4N 0R6

Nav Immigration Services
· Student Visa · Worker Visa · Visitor Visa · Supervisa
· Permanent Residency Applications · PR Card Renewal
· Express Entry · Family Sponsorship · Refugee Applications
· Citizenship Applications · LMIA Applications · PNP
Giving my best for your success
ਕਨੇਡਾ ਵਿੱਚ ਚੰਗੇ ਭਵਿੱਖ ਲਈ ਚੰਗੇ ਇਮੀਗ੍ਰੇਸ਼ਨ ਸਲਾਹਕਾਰ ਦਾ ਹੋਣਾ ਜਰੂਰੀ ਹੈ
Navjeet Kaur
Director, RCIC
(Regulated Canadian Immigration Consultant)
306-201-4464
Regina, SK navimmigrationservices@gmail.com

ਕਨੇਡਾ ਅਮਰੀਕਾ ਲਈ ਡਰਾਈਵਰਾਂ ਅਤੇ ਓਨਰ ਅਪਰੇਟਰਾਂ ਦੀ ਲੋੜ ਹੈ
H&H TRANSPORTS INC.
1575 PARK STREET, REGINA
Needs Driver for Canada, Prairies and Local Runs
Turn Pikes Runs
Health benefits
• Great Mile Rate
• SINP/LMIA ਲਈ ਵੀ ਮਦਦ ਕਰਦੇ ਹਨ।
• Home Time on Every Weekend
• Just CAN-USA Runs
• Long and Short Haul
HARRY 306-537-6403
GARRY 306-201-9222

Bullet
Now Hiring
We are hiring Company Drivers & Owner Operators for USA Open Board
SPECIAL OFFER
- Steady Milage and Home time
- Bi Week Directly diposit
- Excellent equipment Dedicated to you
- Paid Border cross and waiting time
- after 2 hHours!
MUST HAVE
- Clean Driver Abstract and CVOR
- Clear Crimnal Search
- Minimum 6 months verifiable experience
COMPETITIVE GREAT WAGES & REGULAR HOME TIME
COME INTO CHECK OUT OUR FAMILY, SEE OUR TRUCKS AND MEET OUR TEAM
BULLET EXPRESS INC, 1041 KEARNS CRES, REGINA
info@bulletexpress.ca 306-914-7733/647-221-4700

EVERY DAY AUTO SALES LTD
• Cars for Newcomers
• Used cars sale & purchase.
• Many cars available around $10,000
ਹੁਣ ਹਰ ਕੋਈ ਕਾਰ ਦਾ ਮਾਲਕ ਬਣ ਸਕਦਾ ਹੈ
306 988 2200
1675 Winnipeg Street, Regina

WE'RE IN THE PEOPLE BUSINESS, WE JUST HAPPEN TO DO MORTGAGES.®
Bob Dhindsa
Mortgage Associate & SK Regional Team Lead
306.596.5047
bob.dhindsa@vinegroup.ca
ਰੀਜਾਇਨਾ ਅਤੇ ਆਸ ਪਾਸ ਦੇ ਇਲਾਕੇ ਵਿੱਚ ਮੌਰਗੇਜ ਕਰਵਾਉਣ ਲਈ ਭਰੋਸੇਮੰਦ ਨਾਂਅ
VINE GROUP MORTGAGE BROKERAGE
LIC. 512011
200 1965 Broad Street, Regina, SK S4P 1Y1

ਖੇਤਾਂ ਦੇ ਕੰਮ ਲਈ ਕਾਮਿਆਂ ਦੀ ਲੋੜ



ਟਰੀ ਪੈਕਿੰਗ ਦਾ ਕੰਮ
(ਮਾਰਚ ਤੋਂ ਦਸੰਬਰ ਤੱਕ ਚਲੇਗਾ)
ਕੰਮ ਸਾਰਾ ਘੰਟਿਆਂ ਦੇ ਹਿਸਾਬ ਨਾਲ ਹੋਵੇਗਾ
ਕੀਤੇ ਹੋਏ ਕੰਮ ਦੀਆਂ ਸਟੈਂਪਾ ਦਿੱਤੀਆਂ ਜਾਣਗੀਆਂ
ਰਹਿਣ ਦਾ ਪੂਰਾ ਪਰਬੰਧ ਹੈ

ਕਲਾਸ 4 ਡਰਾਈਵਰ ਦੀ ਵੀ ਜਰੂਰਤ ਹੈ

ਕਾਲ ਕਰੋ:
1 250 319 7263






ਆਪਣੇ ਕੈਨੇਡੀਅਨ ਇਮੀਗ੍ਰੇਸ਼ਨ ਸਲਾਹਕਾਰ ਕਰੀਅਰ ਦੀ ਸ਼ੁਰੂਆਤ ਕਰੋ। ਦੁਨੀਆ ਭਰ ਦੇ ਗਾਹਕਾਂ ਨੂੰ ਪ੍ਰਾਪਤ ਕਰੋ।

immigrationdiploma.ca





Sunder Building Supplies Ltd.
We believe in quality

- CRC Roofing Supplies
- Drywall, Insulation
- Sound Control Products
- Stucco, T-Bar Ceiling
- Manufactdured Stone
- Steel Studs &
- Accessories

Stucco | Paper | Flashing | Wiring

Free Estimate BEST Rates

Nirvair Singh Johal
403-690-8700

Bhajan Singh Johal
403-561-0227

3875 - 108th Avenue NE Calgary.



ਕਰਜ਼ਾ ਸਿਰ ਚੜ੍ਹ ਜਾਵੇ ਤਾਂ ਘਬਰਾਉਣ ਦੀ ਲੋੜ ਨਹੀਂ ਸਗੋਂ ਕਰਜ਼ੇ ਦੀ ਸੈਟਲਮੈਂਟ ਲਈ ਚੰਗੀ ਸਲਾਹ ਦੀ ਲੋੜ ਹੁੰਦੀ ਹੈ। ਪੰਜਾਬੀ ਵਿੱਚ ਗੱਲਬਾਤ ਕਰਨ ਲਈ ਹਰਮਨ ਬੁੱਟਰ ਜਾਂ ਸਿੰਮੀ ਪੰਧੇਰ ਨਾਲ ਗੱਲਬਾਤ ਕਰੋ।

403-232-6220





TAJ FURNACE CLEANING
We do Furnace & Carpet Cleaning

ਹੀਟ ਸਿਸਟਮ (ਫਰਨਿਸ) ਦੀ ਸਾਫ ਸਫਾਈ ਹਰ ਸਾਲ ਜਰੂਰੀ ਐ!

ਜੇਕਰ ਫਰਨਿਸ ਸਿਸਟਮ ਵਿੱਚ ਕੋਈ ਨੁਕਸ ਹੈ ਤਾਂ ਇਹਨਾਂ ਦੀ ਮਾਹਿਰ ਟੀਮ ਮੁਰੰਮਤ ਵੀ

ਪਰ ਇਹ ਸਾਫ ਸਫਾਈ ਕਿਹੜਾ ਤੁਸੀਂ ਆਪੇ ਈ ਕਰ ਲੈਣੀ ਐ, ਇਹਦੇ ਲਈ ਮਾਹਿਰ ਅਤੇ ਤਜ਼ਰਬੇਕਾਰ ਹੱਥਾਂ ਦੀ ਜਰੂਰਤ ਹੁੰਦੀ ਹੈ।





403-672-4500
tajfurnacecleaning@gmail.com
20 Saddleland Crt NE. Calgary AB T3J 5J5



ਆਪਣੇ ਫੋਨ ਵਿੱਚ ਪੰਜਾਬੀ ਅਖ਼ਬਾਰ ਦੀ ਐਪ ਫਰੀ ਡਾਊਨ ਲੋਡ ਕਰੋ

App Store

Play Store





WE BUY, WE SELL TRUCKS & TRAILERS

COLD IRON TRUCK CENTER
SALE LEASING WARRANTY



212 - 6958 76 Ave NW, Edmonton
+1-416-560-2250, +1-780-904-0005
www.coldirontrucks.com

# ਪੰਜਾਬੀ ਸਾਹਿਤ ਸਭਾ ਕੈਲਗਰੀ ਦੇ ਸਾਹਿਤਕਾਰਾਂ ਨੇ ਚਿੰਤਨ ਕੀਤਾ

## ਜਵਾਨੀ ਦੇ ਖੂਹ ਇੰਝ ਨੀ ਝੱਲੀਏ ਗੇੜੀ ਦੇ, ਘੁੰਮਦੀ ਰਹਿੰਦੀ ਨਾਲ ਤੂੰ ਇੱਕ ਨਸ਼ੇੜੀ ਦੇ

ਕੈਲਗਰੀ(ਪੰਜਾਬੀ ਅਖ਼ਬਾਰ ਬਿਊਰੋ) ਬੀਤੀ 26 ਅਪ੍ਰੈਲ 2026 ਦਿਨ ਐਤਵਾਰ ਪੰਜਾਬੀ ਸਾਹਿਤ ਸਭਾ ਕੈਲਗਰੀ (ਰਜਿ) ਦੀ ਮਾਸਿਕ ਇਕੱਤਰਤਾ ਕੈਲਗਰੀ ਦੇ ਕੋਸੋ ਹਾਲ ਵਿੱਚ ਸੁਰਿੰਦਰ ਗੀਤ ਅਤੇ ਸੋਹਣ ਸਿੰਘ ਭੁੱਚੋ ਦੀ ਪ੍ਰਧਾਨਗੀ ਹੇਠ ਹੋਈ। ਸਭਾ ਦੇ ਜਨਰਲ ਸਕੱਤਰ ਗੁਰਦਿਆਲ ਸਿੰਘ ਖਹਿਰਾ ਨੇ ਸਭਾ ਦੇ ਮੈਂਬਰ ਸ: ਹਰਬਖ਼ਸ ਸਿੰਘ ਸਰੋਆ ਦੇ ਸਦੀਵੀਂ ਵਿਛੋੜੇ ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਅਤੇ ਉਹਨਾਂ ਨਾਲ ਬਿਤਾਏ ਸਮੇਂ ਦੀਆਂ ਕੁੱਝ ਯਾਦਾਂ ਸਾਂਝੀਆਂ ਕੀਤੀਆਂ । ਜਰਨੈਲ ਸਿੰਘ ਤੱਗੜ ਨੇ ਜੋ ਚਾਰ-ਪੰਜ ਮਹੀਨਿਆਂ ਬਾਦ ਪੰਜਾਬ (ਭਾਰਤ) ਤੋਂ ਪਰਤੇ ਹਨ, ਆਪਣੇ ਨਵੇਂ ਅਨੁਭਵ ਸਾਂਝੇ ਕੀਤੇ ਅਤੇ ਪੰਜਾਬ ਦੀਆਂ ਸਮਾਜ-ਸੇਵੀ ਸੰਸਥਾਵਾਂ ਨੂੰ ਦਿਲ ਖੋਲ੍ਹ ਕੇ ਦਾਨ ਦੇਣ ਦੀ ਅਪੀਲ ਕੀਤੀ । ਜਸਵੰਤ ਸਿੰਘ ਕਪੂਰ ਨੇ ਕੈਨੇਡਾ ਦੇ ਸਿਹਤ- ਸਿਸਟਮ ਬਾਰੇ ਭਰਪੂਰ ਜਾਣਕਾਰੀ ਦਿੱਤੀ ਅਤੇ ਕਿਹਾ ਅਸੀਂ ਇਸ ਮੁਲਕ ਵਿਚ ਸਿਹਤ ਸੇਵਾਵਾਂ ਦੀਆਂ ਸਹੂਲਤਾਂ ਨੂੰ ਮਾਣ ਰਹੇ ਹਾਂ । ਮਨਜੀਤ ਬਰਾੜ ਨੇ ਆਪਣੇ ਨਿਵੇਕਲੇ ਅੰਦਾਜ਼ ਵਿੱਚ ਭੂ-ਹੇਰਵੇ ਚੋਂ ਉਪਜੀ ਆਪਣੀ ਮੌਲਿਕ ਰਚਨਾ 'ਮੈਂ ਦਰਵਾਜ਼ਾ ਬੋਲਦਾਂ' ਸੁਣਾਈ । ਸੋਹਣ ਸਿੰਘ ਭੁੱਚੋ ਨੇ ਆਪਣੇ ਸਾਹਿਤਕ ਸਫ਼ਰ ਬਾਰੇ ਜਾਣਕਾਰੀ ਦਿੱਤੀ । ਉਸ ਨੇ ਇੱਕ ਕਵਿਤਾ ਪਿੰਡ ਦੇ ਮਾਹੌਲ ਅਤੇ ਦੂਸਰੀ ਕਵਿਤਾ ਇੱਕ ਨਸ਼ੇੜੀ ਕੈਨੇਡੀਅਨ ਮੁਟਿਆਰ ਬਾਰੇ ਸੁਣਾਈ। ਉਸ ਨੇ ਕੁੱਝ ਸਮਾਂ ਪਹਿਲਾਂ ਉਸਨੇ ਇੱਕ



ਸੋਹਣੀ ਸੁਨੱਖੀ ਮੁਟਿਆਰ ਨੂੰ ਨਸ਼ੇ ਦੀ ਹਾਲਤ ਵਿੱਚ ਸੜਕ ਤੇ ਦੇਖਿਆ ਤਾਂ ਇਸ ਕਵਿਤਾ ਦੀ ਆਮਦ ਹੋਈ ।

ਨਸ਼ਿਆਂ ਵਾਲਾ ਰੋਗ ਕਿਉਂ ਚੰਦਰਾ ਲਾ ਲਿਆ ਤੂੰ—ਲੱਟ ਲੱਟ<br>ਬਲ਼ਦਾ ਆਪਣਾ ਰੂਪ ਗਵਾ ਲਿਆ ਤੂੰ

ਜਵਾਨੀ ਦੇ ਖੂਹ ਇੰਝ ਨੀ ਝੱਲੀਏ ਗੇੜੀ ਦੇ—ਘੁੰਮਦੀ<br>ਰਹਿੰਦੀ ਨਾਲ ਤੂੰ ਇੱਕ ਨਸ਼ੇੜੀ ਦੇ ।

ਗਿੱਲ ਸੁਖਮੰਦਰ ਨੇ ਆਪਣੀ ਸੁਰੀਲੀ ਆਵਾਜ਼ 'ਚ ਬ੍ਰਿਹਾ ਦਾ ਇੱਕ ਗੀਤ ਉਧਾਰਾ ਮੰਗਿਆ ਮੈਂ ਸ਼ਿਵ ਕੋਲੋਂ-ਕਿਸ ਦੀ ਨਜ਼ਰ ਕਰਾਂ ਕੋਈ ਦੱਸੋ ਕਿੱਥੇ ਜਾ ਕੇ ਗਾਵਾਂ, ਗੀਤ ਸੁਣਾਇਆ ।

ਡਾ: ਮਨਮੋਹਨ ਬਾਠ ਨੇ ਲਹਿੰਦੇ ਪੰਜਾਬ ਦੇ ਲੇਖਕ ਆਸਿਫ ਦੀ ਰਚਨਾ 'ਅੱਖਾਂ ਮੈਥੋਂ ਪੁੱਛਦੀਆਂ ਹੋਰ ਕਿੰਨ੍ਹਾ ਰੋਣਾ ਏ' ਬੜੇ ਖੁਬਸੂਰਤ ਅੰਦਾਜ਼ 'ਚ ਗਾ ਕੇ ਸੰਗੀਤਕ ਮਹੌਲ ਸਿਰਜਿਆਂ ।

ਜਤਿੰਦਰ ਸਵੈਚ (ਸਨੀ) ਨੇ ਆਪਣੀ ਰਚਨਾ 'ਮੈਂ ਖੁਸ਼ ਹਾਂ' ਸੁਣਾਈ ।

ਜ਼ਿੰਦਗੀ ਹੈ ਨਿੱਕੀ ਜੇਹੀ, ਹਰ ਘੜੀ ਵਿੱਚ ਮੈਂ ਖੁਸ਼ ਹਾਂ-<br>ਉਤਰੀ ਵਿੱਚ ਵੀ ਖੁਸ਼ ਹਾਂ, ਤੇ ਚੜ੍ਹੀ ਵਿੱਚ ਵੀ ਖੁਸ਼ ਹਾਂ<br>ਜੇ ਮੁਰਗਾ ਨਹੀਂ, ਤਾਂ ਦਾਲ ਵਿੱਚ ਹੀ ਖੁਸ਼ ਹਾਂ - ਜੇ ਗੱਡੀ<br>ਨਹੀਂ ਤਾਂ ਮਸਤ ਚਾਲ ਵਿੱਚ ਹੀ ਖ਼ੁਸ਼ ਹਾਂ ।

ਸੁਰਿੰਦਰ ਗੀਤ ਨੇ ਆਪਣੀ ਗ਼ਜ਼ਲ ਤਰੰਨਮ 'ਚ ਪੇਸ਼ ਕੀਤੀ ।

ਰੱਖੀਂ ਜਗਾ ਕੇ ਦੀਵਾ ਹੋ ਜਾਵੇ ਨਾ ਹਨੇਰਾ - ਫਿਰਦਾ ਸੀ ਰਾਤੀਂ ਲੁੱਟਦਾ ਸੁਪਨੇ ਤੇਰੇ ਲੁਟੇਰਾ ।

ਮਨਿੰਦਰ ਬਜਵਾੜਾ ,ਜਸਵੀਰ ਸਿੰਘ ਸਹੋਤਾ, ਸੁਰਿੰਦਰ ਢਿੱਲੋਂ ਮਨਜੀਤ ਕੌਰ ਖਹਿਰਾ, ਗੁਰਬਖ਼ਸ ਸਿੰਘ ਗਿਲ, ਰਣਦੀਪ ਸੰਧੂ, ਸਿਕੰਦਰ ਸਿੰਘ, ਮਨਵੀਰ ਕੌਰ, ਬਲਜੀਤ ਕੌਰ, ਹਰਮਨਦੀਪ ਕੌਰ ਅਤੇ ਗੁਰਪ੍ਰੀਤ ਭੁੱਲਰ ਨੇ ਹਾਜ਼ਰੀ ਲਗਵਾਈ । ਰਣਦੀਪ ਸਿੰਘ ਸੰਧੂ ਨੇ 24 ਮਈ 2026 ਨੂੰ ਫਾਲਕਿਨਰਿੱਜ਼ ਕਮਿਊਨਿਟੀ ਹਾਲ ਵਿੱਚ ਗਦਰੀ ਬਾਬਿਆਂ ਨੂੰ ਸਮਰਪਿਤ ਕਰਵਾਏ ਜਾਣ ਵਾਲੇ ਦੂਜੇ ਪੰਜਾਬੀ ਹੈਰੀਟੇਜ਼ ਮੇਲੇ ਬਾਰੇ ਦੱਸਿਆ ।

# ਇੰਕਾ ਸੀਨੀਅਰ ਸਿਟੀਜਨ ਸੋਸਾਇਟੀ ਵੱਲੋਂ ਵਿਸਾਖੀ ਮਨਾਈ ਗਈ



ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਬੀਤੇ ਦਿਨੀ ਇੰਕਾ ਸੀਨੀਅਰ ਸਿਟੀਜਨ ਸੋਸਾਇਟੀ ਵੱਲੋਂ ਵਿਸਾਖੀ ਮਨਾਉਣ ਲਈ ਇੰਕਾ ਦੇ ਹਾਲ ਵਿੱਚ ਇਕੱਤਰਤਾ ਕੀਤੀ ਗਈ। ਸਮਾਗਮ ਦੇ ਸ਼ੁਰੂ ਵਿੱਚ ਮੇਜਰ ਸਿੰਘ ਧਾਲੀਵਾਲ ਨੇ ਖਾਲਸਾ ਪੰਥ ਦੀ ਸਥਾਪਨਾ ਸਬੰਧੀ ਵਿਸਾਖੀ ਮਨਾਉਣ ਦੀ ਗੱਲ ਕਰਦਿਆਂ ਸਾਰਿਆਂ ਨੂੰ ਇਸ ਸ਼ੁਭ ਦਿਹਾੜੇ ਉੱਪਰ ਮੁਬਾਰਕਬਾਦ ਦਿੱਤੀ। ਉਹਨਾਂ ਇਸ ਗੱਲ ਦਾ ਵੀ ਜ਼ਿਕਰ ਕੀਤਾ ਕਿ ਕਨੇਡਾ ਸਰਕਾਰ ਨੇ ਕਈ ਸਾਲਾਂ ਤੋਂ ਅਪ੍ਰੈਲ ਮਹੀਨੇ ਨੂੰ ਸਿੱਖ ਵਿਰਾਸਤ ਮਹੀਨਾ ਮਨਾਉਣ ਦਾ ਐਲਾਨ ਕੀਤਾ ਹੋਇਆ ਹੈ ਅਤੇ ਵਿਸਾਖੀ ਨਾਲ ਸੰਬੰਧਿਤ ਵੱਖੋ ਵੱਖ ਘਟਨਾਵਾਂ ਦਾ ਜ਼ਿਕਰ ਵੀ ਉਹਨਾਂ ਆਪਣੀ ਗੱਲਬਾਤ ਵਿੱਚ ਕੀਤਾ। ਪ੍ਰੋਗਰਾਮ ਦੇ ਸ਼ੁਰੂ ਵਿੱਚ ਸੁਖਮਿੰਦਰ ਗਿੱਲ ਨੇ ਵਿਸਾਖੀ ਬਾਰੇ ਦੋ ਗੀਤ ਸੁਣਾਏ ਜੋ ਕਾਬਲੇ ਤਰੀਫ ਸਨ । ਪ੍ਰਿੰਸੀਪਲ ਸਤਪਾਲ ਕੌਸ਼ਿਲ ਨੇ ਵਿਸਾਖੀ ਦੇ ਵੱਖ ਵੱਖ ਪਹਿਲੂਆਂ ਤੇ ਚਾਨਣਾ ਪਾਇਆ। ਬਿੱਕਰ ਸਿੰਘ ਸੰਧੂ ਨੇ ਜਿੱਥੇ ਜਲਿਆਂ ਵਾਲੇ ਬਾਗ ਦੀ ਦੁਖਦਾਈ ਘਟਨਾ ਦਾ ਜ਼ਿਕਰ ਕੀਤਾ ਉੱਥੇ ਉਹਨਾਂ ਨਾਲ ਹੀ ਸੰਸਥਾ ਵਿੱਚ ਹੋ ਰਹੇ ਕੰਮਾਂ ਕਾਰਾਂ ਬਾਰੇ ਵੀ ਜਾਣਕਾਰੀ ਹਾਜ਼ਰੀਨ ਨਾਲ ਸਾਂਝੀ ਕੀਤੀ ਅਤੇ ਸੰਸਥਾ ਦੇ ਕੰਮਕਾਜ ਨੂੰ ਬਿਹਤਰ ਬਣਾਉਣ ਲਈ ਕੁੱਝ ਅਹਿਮ ਸੁਝਾਅ ਵੀ ਪੇਸ਼ ਕੀਤੇ। ਅਪ੍ਰੈਲ ਮਹੀਨੇ ਵਿੱਚ ਜਨਮੇ ਬਜ਼ੁਰਗਾਂ ਦੇ ਜਨਮਦਿਨ ਮਨਾਏ ਗਏ ਅਤੇ ਉਹਨਾਂ ਦੀ ਤੰਦਰੁਸਤੀ ਲਈ ਕਾਮਨਾ ਕੀਤੀ ਗਈ। ਸੰਸਥਾ ਦੇ ਪ੍ਰੈਜੀਡੈਂਟ ਮੇਜਰ ਸਿੰਘ ਧਾਲੀਵਾਲ ਨੇ ਸਭ ਆਇਆਂ ਦਾ ਧੰਨਵਾਦ ਕੀਤਾ। ਖਾਣ ਪੀਣ ਦੇ ਇੰਤਜ਼ਾਮ ਦੀ ਸੇਵਾ ਕੁਲਬੀਰ ਸਿੰਘ ਕਾਲਕਾ, ਸੁਰਮਖ ਸਿੰਘ ਕੂਨਰ ਤੇ ਮੋਤਾ ਰਾਮ ਸ਼ਰਮਾ ਨੇ ਨਿਭਾਈ। ਫੋਟੋਗ੍ਰਾਫੀ ਦਾ ਜਿੰਮਾ ਸੁਰਿੰਦਰ ਸੂਰੀ ਦੇ ਹਿੱਸੇ ਆਇਆ।



# ਕੈਨੇਡਾ "ਟੋਬਾ ਗੋਲਡ ਕੱਪ 2026" ਫ਼ੀਲਡ ਹਾਕੀ ਟੂਰਨਾਮੈਂਟ ਅਕਾਲ ਵਾਰੀਅਰਜ਼ ਫੀਲਡ ਹਾਕੀ ਕਲੱਬ ਕੈਲਗਰੀ ਨੇ ਜਿੱਤਿਆ



ਵਿਨੀਪੈਗ (ਸੁਰਿੰਦਰ ਮਾਵੀ ) ਨਵੀਂ ਪਨੀਰੀ ਨੂੰ ਫ਼ੀਲਡ ਹਾਕੀ ਨਾਲ ਜੋੜਨ ਲਈ ਸਥਾਨਕ ਟੋਬਾ ਵਾਰੀਅਰਜ਼ ਫ਼ੀਲਡ ਹਾਕੀ ਅਕੈਡਮੀ ਮੈਨੀਟੋਬਾ ਵੱਲੋਂ ਅੱਠਵਾਂ ਸ਼ਾਨਦਾਰ "ਟੋਬਾ ਗੋਲਡ ਕੱਪ 2026" ਫ਼ੀਲਡ ਹਾਕੀ ਟੂਰਨਾਮੈਂਟ 1717 ਗੇਟ ਵੇਅ ਰਿਕਰੇਸ਼ਨ ਸੈਂਟਰ ਵਿਨੀਪੈਗ ਵਿਖੇ ਕਰਵਾਇਆ ਗਿਆ।ਟੂਰਨਾਮੈਂਟ ਵਿੱਚ ਕੈਨੇਡਾ ਦੀਆ ਪ੍ਰਸਿੱਧ ਅੱਠ ਟੀਮਾਂ ਨੇ ਹਿੱਸਾ ਲਿਆ । ਜਿਨ੍ਹਾਂ ਨੂੰ ਦੋ ਭਾਗਾਂ ਵਿੱਚ ਵੰਡਿਆ ਗਿਆ ਸੀ । ਪੂਲ ÷ਏ÷ ਵਿੱਚ ਯੂਥ ਫ਼ੀਲਡ ਹਾਕੀ ਕਲੱਬ,ਐਡਮਿੰਟਨ , ਹਾਕਸ ਫ਼ੀਲਡ ਹਾਕੀ ਕਲੱਬ ਕੈਲਗਰੀ, ਵੋਲਵਰਾਈਨਜ਼ ਫ਼ੀਲਡ ਹਾਕੀ ਐਬਟਸਫੋਰਡ ਬ੍ਰਿਟਿਸ਼ ਕੋਲੰਬੀਆ ਤੇ ਟੋਬਾ ਵਾਰੀਅਰਜ਼ ਯੈਲੋ ਵਿਨੀਪੈਗ ਜਦ ਕਿ ਪੂਲ ÷ਬੀ÷ ਵਿੱਚ ਐਡਮਿੰਟਨ ਫ਼ੀਲਡ ਹਾਕੀ ਕਲੱਬ, ਅਕਾਲ ਵਾਰੀਅਰਜ਼ ਫੀਲਡ ਹਾਕੀ ਕਲੱਬ ਕੈਲਗਰੀ, ਪੰਜਾਬ ਸਪੋਰਟਸ ਫ਼ੀਲਡ ਹਾਕੀ ਕਲੱਬ ਕੈਲਗਰੀ 'ਤੇ ਟੋਬਾ ਵਾਰੀਅਰਜ਼ ਗਰੀਨ ਹਾਕੀ ਅਕੈਡਮੀ ਵਿਨੀਪੈਗ ਦੀਆਂ ਟੀਮਾਂ ਸ਼ਾਮਲ ਸਨ। ਇਹ ਟੂਰਨਾਮੈਂਟ ਲੀਗ ਕਮ-ਨਾਕ-ਆਊਟ ਆਧਾਰ 'ਤੇ ਖੇਡਿਆ ਗਿਆ। ਲੀਗ ਮੈਚਾਂ ਵਿੱਚ ਪੂਲ ਏ 'ਚੋਂ ਵੋਲਵਰਾਈਨਜ਼ ਫ਼ੀਲਡ ਹਾਕੀ ਐਬਟਸਫੋਰਡ ਬ੍ਰਿਟਿਸ਼ ਕੋਲੰਬੀਆ ਤੇ ਟੋਬਾ ਵਾਰੀਅਰਜ਼ ਯੈਲੋ ਵਿਨੀਪੈਗ 'ਤੇ ਪੂਲ 'ਬੀ' 'ਚੋਂ ਅਕਾਲ ਵਾਰੀਅਰਜ਼ ਫੀਲਡ ਹਾਕੀ ਕਲੱਬ ਕੈਲਗਰੀ, ਪੰਜਾਬ ਸਪੋਰਟਸ ਫ਼ੀਲਡ ਹਾਕੀ ਕਲੱਬ ਕੈਲਗਰੀ ਨੇ ਆਪਣੇ ਆਪਣੇ ਲੀਗ ਮੈਚ ਜਿੱਤ ਕੇ ਸੈਮੀਫਾਈਨਲ ਵਿੱਚ ਪ੍ਰਵੇਸ਼ ਕੀਤਾ ।

ਪਹਿਲੇ ਸੈਮੀਫਾਈਨਲ 'ਚ ਟੋਬਾ ਵਾਰੀਅਰਜ਼ ਯੈਲੋ ਵਿਨੀਪੈਗ ਨੇ ਪੰਜਾਬ ਸਪੋਰਟਸ ਫ਼ੀਲਡ ਹਾਕੀ ਕਲੱਬ ਕੈਲਗਰੀ ਨੂੰ ਇੱਕ ਗੋਲ ਦੇ ਮੁਕਾਬਲੇ ਤਿੰਨ ਗੋਲਾਂ ਨਾਲ ਜਿੱਤ ਪ੍ਰਾਪਤ ਕੀਤੀ । ਟੋਬਾ ਵਾਰੀਅਰਜ਼ ਯੈਲੋ ਵਿਨੀਪੈਗ ਦੇ ਟਾਂਡੀ ,ਗੁਰਪ੍ਰੀਤ (ਗੋਪੀ) ਤੇ ਸੁਖਮੰਦਰ ਸਿੰਘ ਨੇ ਇੱਕ ਇੱਕ ਗੋਲ ਕੀਤਾ ਅਤੇ ਪੰਜਾਬ ਸਪੋਰਟਸ ਫ਼ੀਲਡ ਹਾਕੀ ਕਲੱਬ ਕੈਲਗਰੀ ਵਾਸਤੇ ਇੱਕੋ ਇੱਕ ਗੋਲੇ ਹੈਪੀ ਵੱਲੋਂ ਕੀਤਾ ਗਿਆ।ਦੂਜੇ ਸੈਮੀਫਾਈਨਲ 'ਚ ਅਕਾਲ ਵਾਰੀਅਰਜ਼ ਫੀਲਡ ਹਾਕੀ ਕਲੱਬ ਕੈਲਗਰੀ ਨੇ ਤਿੰਨ ਗੋਲਾਂ ਦੇ ਮੁਕਾਬਲੇ ਛੇ ਗੋਲਾਂ ਨਾਲ ਵੋਲਵਰਾਈਨਜ਼ ਫ਼ੀਲਡ ਹਾਕੀ ਐਬਟਸਫੋਰਡ ਬ੍ਰਿਟਿਸ਼ ਕੋਲੰਬੀਆ ਨੂੰ ਹਰਾ ਕੇ ਫਾਈਨਲ ਵਿੱਚ ਪ੍ਰਵੇਸ਼ ਕੀਤਾ ।

ਫਾਈਨਲ ਮੁਕਾਬਲਾ ਬਹੁਤ ਫਸਵਾਂ ਸੀ ਜਿਸ 'ਚ ਟੋਬਾ ਵਾਰੀਅਰਜ਼ ਯੈਲੋ ਵਿਨੀਪੈਗ ਵੱਲੋਂ ਪਹਿਲਾਂ ਫ਼ੀਲਡ ਗੋਲ ਨਾਲ ਲੀਡ ਪ੍ਰਾਪਤ ਕੀਤੀ ਪਰ ਅਕਾਲ ਵਾਰੀਅਰਜ਼ ਫੀਲਡ ਹਾਕੀ ਕਲੱਬ ਕੈਲਗਰੀ ਨੇ ਉਸ ਨੂੰ ਬਰਾਬਰ ਕਰ ਦਿੱਤਾ ਪਰ ਟੋਬਾ ਟੀਮ ਬਾਰ ਬਾਰ ਲੀਡ ਕਰਦੀ ਰਹੀ ਅਤੇ ਅਕਾਲ ਫ਼ੀਲਡ ਹਾਕੀ ਕਲੱਬ ਕੈਲਗਰੀ ਬਾਰ ਬਾਰ ਉਸ ਨੂੰ ਬਰਾਬਰ ਕਰਦੀ ਰਹੀ ਜਿਸ ਨਾਲ ਨਿਰਧਾਰਿਤ ਸਮੇਂ ਤੱਕ ਦੋਵੇਂ ਟੀਮਾਂ ਚਾਰ ਚਾਰ ਗੋਲ ਨਾਲ ਬਰਾਬਰ ਰਹਿਣ ਤੋਂ ਬਾਅਦ ਸ਼ੂਟ ਆਊਟ ਨਿਯਮ ਨਾਲ ਮੈਚ ਦਾ ਨਤੀਜਾ ਅਕਾਲ ਵਾਰੀਅਰਜ਼ ਫੀਲਡ ਹਾਕੀ ਕਲੱਬ ਕੈਲਗਰੀ ਦੇ ਹੱਕ ਵਿੱਚ ਗਿਆ ਜਿਸ ਵਿੱਚ ਉਸ ਨੇ ਦੋ ਗੋਲਾਂ ਦੇ ਮੁਕਾਬਲੇ ਤਿੰਨ ਗੋਲਾਂ ਨਾਲ ਟੋਬਾ ਵਾਰੀਅਰਜ਼ ਯੈਲੋ ਵਿਨੀਪੈਗ ਨੂੰ ਹਰਾ ਕੇ ਅੱਠਵਾਂ " ਟੋਬਾ ਗੋਲਡ ਕੱਪ " ਆਪਣੇ ਨਾਂਅ ਕੀਤਾ।ਫਾਈਨਲ ਵਿੱਚ ਟੀਮ ਟੋਬਾ ਦੇ ਸੁਖਮੰਦਰ ਸਿੰਘ ਵੱਲੋਂ ਤਿੰਨ ਗੋਲ ਅਤੇ ਇੱਕ ਗੋਲ ਗੁਰਪ੍ਰੀਤ ਵੱਲੋਂ ਕੀਤਾ ਗਿਆ,ਜਦ ਕੇ ਅਕਾਲ ਟੀਮ ਵਲ਼ੋਂ ਤਨਵੀਰ ਵੱਲੋਂ ਦੋ ਗੋਲ ਇੱਕ ਗੋਲ ਜਤਿੰਦਰ ਅਤੇ ਇੱਕ ਗੋਲ ਦਵਿੰਦਰ ਵਲ਼ੋਂ ਕੀਤਾ ਗਿਆ . ਅਕਾਲ ਫ਼ੀਲਡ ਹਾਕੀ ਕਲੱਬ ਕੈਲਗਰੀ ਦੇ ਤਨਵੀਰ ਨੂੰ ਇਸ ਟੂਰਨਾਮੈਂਟ ਦਾ ਵਧੀਆ ਖਿਡਾਰੀ ਐਲਾਨਿਆ ਗਿਆ 'ਤੇ ਟੋਬਾ ਵਾਰੀਅਰਜ਼ ਯੈਲੋ ਵਿਨੀਪੈਗ ਦੇ ਨਵਪ੍ਰੀਤ ਨੂੰ ਵਧੀਆ ਗੋਲੇ ਕੀਪਰ ਵਜੋਂ ਸਨਮਾਨਿਤ ਕੀਤਾ ਗਿਆ।

ਜੂਨੀਅਰ ਵਰਗ ਵਿੱਚ ਯੂਥ ਫ਼ੀਲਡ ਹਾਕੀ ਕਲੱਬ ਐਡਮਿੰਟਨ ਨੇ ਵੋਲਵਰਾਈਨਜ਼ ਫ਼ੀਲਡ ਹਾਕੀ ਐਬਟਸਫੋਰਡ ਬ੍ਰਿਟਿਸ਼ ਕੋਲੰਬੀਆ ਨੂੰ ਫਾਈਨਲ ਵਿੱਚ ਹਰਾ ਕੇ ਜੂਨੀਅਰਟੋਬਾ ਕੱਪ ਆਪਣੇ ਨਾਂ ਕੀਤਾ ਜਦ ਕੇ ਕੈਲਗਰੀ ਫ਼ੀਲਡ ਹਾਕੀ ਕਲੱਬ ਨੇ ਟੋਬਾ ਵਾਰੀਅਰਜ਼ ਵਿਨੀਪੈਗ ਦੀ ਟੀਮ ਨੂੰ ਸਿਫ਼ਰ ਦੇ ਮੁਕਾਬਲੇ ਤਿੰਨ ਗੋਲਾਂ ਨਾਲ ਹਰਾ ਕੇ ਤੀਜਾ ਸਥਾਨ ਪ੍ਰਾਪਤ ਕੀਤਾ। ਜਿਸ ਵਿੱਚ ਸਟੇਡੀਅਮ ਵਿੱਚ ਮੌਜੂਦ ਦਰਸ਼ਕਾਂ ਨੇ ਖ਼ੂਬ ਅਨੰਦ ਮਾਣਿਆ।ਮੈਨੀਟੋਬਾ ਦੇ ਉੱਘੇ ਬਿਜ਼ਨਸਮੈਨ ਮਾਣਯੋਗ ਰੁਪਿੰਦਰ ਬਰਾੜ, ਜੱਗੀ ਅਤੇ ਜਗਜੀਤ ਸਿੰਘ ਗਿੱਲ ਨੇ ਇਨਾਮਾਂ ਦੀ ਵੰਡ ਲਈ ਵਿਸ਼ੇਸ਼ ਤੋਰ 'ਤੇ ਸ਼ਿਰਕਤ ਕੀਤੀ। ਵਿਨੀਪੈਗ ਕ੍ਰਸਡੌਕ ਵੱਲੋਂ ਪਹਿਲੇ ਸਥਾਨ 'ਤੇ ਰਹਿਣ ਵਾਲੀ ਟੀਮ ਨੂੰ 2500 ਡਾਲਰ , ਦੂਸਰੇ ਸਥਾਨ 'ਤੇ ਰਹਿਣ ਵਾਲੀ ਟੀਮ ਨੂੰ 2000 ਡਾਲਰ ਦੇ ਨਕਦ ਇਨਾਮਾਂ ਤੋਂ ਇਲਾਵਾ ਮੈਡਲ ਤੇ ਟਰਾਫ਼ੀਆਂ ਵੀ ਦਿੱਤੀਆਂ ਗਈਆਂ। ਸਟੇਡੀਅਮ ਵਿੱਚ ਮੌਜੂਦ ਦਰਸ਼ਕਾਂ ਲਈ ਵੀ ਤਿੰਨ ਦਿਲ ਖਿਚਵੇਂ ਇਨਾਮ ਦਿੱਤੇ ਗਏ। ਤਾਸ਼ (ਸੀਪ) ਵਿੱਚ ਮਨਦੀਪ ਸਿੰਘ ਤੇ ਜਸਪਾਲ ਸਿੰਘ ਦੀ ਟੀਮ ਨੇ ਸਭ ਨੂੰ ਹਰਾ ਕੇ ਟਰਾਫ਼ੀ ਆਪਣੇ ਨਾਂ ਕੀਤੀ। ਇਸ ਦੌਰਾਨ ਉੱਘੀ ਹਾਕੀ ਖਿਡਾਰਨਾਂ ਸਤਵੀਰ ਕੌਰ ਅਤੇ ਰੁਪਿੰਦਰ ਕੌਰ ਨੂੰ ਵਿਸ਼ੇਸ਼ ਤੌਰ ਤੇ ਸਨਮਾਨਿਤ ਵੀ ਕੀਤਾ ਗਿਆ। ਮੈਨੀਟੋਬਾ ਸਰਕਾਰ ਦੇ ਮੰਤਰੀ ਮਿੰਟੂ ਸੰਧੂ ਅਤੇ ਐੱਮ ਐੱਲ ਏ ਦਲਜੀਤ ਪਾਲ ਬਰਾੜ ਨੇ ਵਿਸ਼ੇਸ਼ ਤੌਰ ਤੇ ਸ਼ਿਰਕਤ ਕੀਤੀ। ਇਸ ਟੂਰਨਾਮੈਂਟ ਦੌਰਾਨ ਵਿਨੀਪੈਗ ਦੇ ਮਸ਼ਹੂਰ ਕਚੌਰੀ ਰੈਸਟੋਰੈਂਟ ਵੱਲੋਂ ਵਿਸ਼ੇਸ਼ ਤੌਰ ਤੇ ਸਮੋਸੇ , ਪਕੌੜੇ, ਟਿੱਕੀ ਅਤੇ ਕਚੌਰੀ ਦੀ ਸੇਵਾ ਕੀਤੀ ਗਈ ਅਤੇ ਗੁਰੂਘਰ ਸਿੱਖ ਸੁਸਾਇਟੀ ਆਫ਼ ਮੈਨੀਟੋਬਾ ਵੱਲੋਂ ਲੰਗਰ ਦੀ ਸੇਵਾ ਕੀਤੀ ਗਈ।










# ਡੋਨਾਲਡ ਟਰੰਪ ਹਮੇਸ਼ਾ ਯਭਲੀਆਂ ਮਾਰਦਾ ਹੈ

## ਕਿੰਗ ਚਾਰਲਸ ਤੀਜਾ- ਅਮਰੀਕਨ ਸੰਸਦ- ਡੋਨਾਲਡ ਟਰੰਪ- ਇਤਿਹਾਸ ਅਤੇ ਇਖਲਾਕ



ਨਾਮਦੇਵ ਸਿੰਘ ਸਿੱਧੂ
91 9646700682



ਕਿੰਗ ਚਾਰਲਸ ਅਮਰੀਕਾ ਦਾ ਮਹਿਮਾਨ ਸੀ ਅਤੇ ਡੋਨਾਲਡ ਟਰੰਪ ਮੇਜਬਾਨ। ਮੇਜਬਾਨ ਨੇ ਮਹਿਮਾਨ ਦੀ ਇੱਜਤ ਦਾ ਖਿਆਲ ਰੱਖਣਾ ਹੁੰਦਾ ਹੈ। ਪਰ ਇਖਲਾਕ ਨਾਮ ਦੀ ਚੀਜ ਮਨੁੱਖ ਨੂੰ ਪਰਿਵਾਰ ਵਿੱਚੋਂ ਹੀ ਮਿਲਦੀ ਹੈ। ਜੋ ਸ਼ਾਇਦ ਟਰੰਪ ਦੇ ਪਰਿਵਾਰ ਵਿੱਚੋਂ ਉਸਨੂੰ ਨਹੀਂ ਮਿਲੀ। ਕਿੰਗ ਚਾਰਲਸ ਤੀਜੇ ਦੇ ਦੌਰੇ ਦੀਆਂ ਮਹੱਤਵਪੂਰਨ ਘਟਨਾਵਾਂ ਦਾ ਵੇਰਵਾ ਹੀ ਦੱਸ ਦਿੰਦਾ ਹੈ ਕਿ ਕਿੰਗ ਚਾਰਲਸ ਨੂੰ ਜੋ ਆਪਣੇ ਵਿਰਸੇ ਤੋਂ ਮਿਲਿਆ ਹੈ ਉਹ ਡੋਨਾਲਡ ਟਰੰਪ ਵਰਗੇ ਬੁੱਧੀ-ਹੀਣ ਨੂੰ ਨਹੀਂ ਮਿਲਿਆ।

ਕਿੰਗ ਚਾਰਲਸ ਦਾ ਭਾਸ਼ਨ ਲਾ-ਜਵਾਬ ਸੀ; ਨਪਿਆ- ਤੁਲਿਆ, ਸਹਿਜਤਾ ,ਸਿਆਣਪ ਅਤੇ ਗਿਆਨ ਨਾਲ ਸਹੇਜਿਆ ਗਿਆ ਡੋਨਾਲਡ ਟਰੰਪ ਵੱਲੋਂ ਬੀਤੇ ਸਮੇਂ ਵਿੱਚ ਯੋਰਪੀਨ ਦੇਸ਼ਾਂ ਦੇ ਮੁਖੀਆਂ ਨੂੰ ਛੋਟਾ ਦਿਖਾਉਣ ਵਾਲੇ ਬਿਆਨਾ ਦਾ ਸਟੀਕ ਉੱਤਰ ਦੇਣ ਵਾਲਾ ਬਿਆਨ। ਕੋਈ ਲੁਕ-ਲਪੇਟ ਨਹੀਂ ਕੋਈ ਬਨਾਵਟੀਪਣ ਨਹੀਂ । ਡੋਨਾਲਡ ਟਰੰਪ ਨੂੰ ਸ਼ੀਸ਼ਾ ਦਿਖਾਉਣ ਵਾਲਾ ਬਿਆਨ।

ਡੋਨਾਲਡ ਟਰੰਪ ਨੇ ਡਾਵੋਸ ਸੰਮੇਲਨ ਦੌਰਾਨ ਕਿਹਾ ਸੀ ਜੇ 1945 ਚ ਅਮਰੀਕਾ ਨਾ ਹੁੰਦਾ ਤਾਂ ਸਾਰੇ ਬ੍ਰਿਟਿਸ਼ਰਜ ਜਰਮਨ ਬੋਲ ਰਹੇ ਹੁੰਦੇ। ਉਸਦਾ ਭਾਵ ਇਹ ਸੀ ਕਿ ਅਮਰੀਕਾ ਕਾਰਨ ਹੀ ਹਿਟਲਰ ਦੀ ਦੂਜੀ ਜੰਗ ਵਿੱਚ ਹਾਰ ਹੋਈ ਅਤੇ ਜੇ ਅਮਰੀਕਾ ਨਾਂ ਹੁੰਦਾ ਤਾਂ ਹਿਟਲਰ ਨੇ ਸਾਰੇ ਯੋਰਪ ਤੇ ਕਬਜਾ ਕਰਕੇ ਸਭ ਨੂੰ ਜਰਮਨ ਬੋਲਣ ਲਾ ਦੇਣਾ ਸੀ।

ਇਸਦਾ ਉੱਤਰ ਅੱਜ ਬ੍ਰਿਟਿਸ਼ ਦੇ ਰਾਜੇ ਕਿੰਗ ਚਾਰਲਸ ਤੀਜੇ ਨੇ ਦਿੰਦਿਆਂ 1945 ਦੀ ਦੂਜੀ ਵਿਸ਼ਵ ਜੰਗ ਤੋਂ ਢਾਈ ਸੌ ਸਾਲ ਪਹਿਲਾਂ ਦਾ ਇਤਿਹਾਸ ਯਾਦ ਕਰਵਾਉਂਦੇ ਕਿਹਾ ਕਿ ਜੇ ਅਮਰੀਕਾ ਉਦੋਂ ਬ੍ਰਿਟਿਸ਼ ਸਾਮਰਾਜ ਦਾ ਹਿੱਸਾ ਹੁੰਦਾ ਸੀ ਬਰਤਾਨੀਆ ਤੇ ਫਰਾਂਸ ਅਮਰੀਕਾ ਤੇ ਕਬਜੇ ਲਈ ਲੜ ਰਹੇ ਸਨ। ਜੇ ਬ੍ਰਿਟਿਸ਼ ਨਾਂ ਹੁੰਦਾ ਤਾਂ ਸਾਰੇ ਅਮਰੀਕਨ ਹੁਣ ਤੱਕ ਫਰੈਂਚ ਬੋਲ ਰਹੇ ਹੁੰਦੇ ਕਿਉਂ ਕਿ ਫਰਾਂਸ ਨੂੰ ਬ੍ਰਿਟਿਸ਼ ਨੇ ਹਰਾਇਆ ਸੀ।

ਕਿੰਗ ਚਾਰਲਸ ਨੇ ਡੋਨਾਲਡ ਟਰੰਪ ਨੂੰ ਇਹ ਵੀ ਯਾਦ ਕਰਾਇਆ 1791 ਵਿੱਚ ਬਿਲ ਆਫ ਲਿਬਰਟੀਜ ਅੰਗਰੇਜਾਂ ਨੇ ਪਾਸ ਕੀਤਾ ਜਿਸ ਵਿੱਚ ਵਿਅਕਤੀਗਤ ਆਜਾਦੀ ਤੇ ਫੈਡਰਲ ਪਾਵਰਜ ਵਿੱਚ ਹੱਦ ਬਣਾਈ। ਫੈਡਰਲ ਸਰਕਾਰ ਜਾਂ ਬਾਦਸ਼ਾਹ ਦੇ ਕਾਨੂੰਨ ਨੂੰ ਇਹਨਾਂ ਬਿਲ ਆਫ ਰਾਈਟਸ ਰਾਹੀਂ ਸੀਮਤ ਕੀਤਾ ਗਿਆ ਸੀ ਅਤੇ ਅਮਰੀਕਨ ਸੁਪਰੀਮ ਕੋਰਟ ਨੇ ਵੀ ਹੁਣ ਤੱਕ 166 ਫੈਸਲਿਆਂ ਵਿੱਚ ਇਸਨੂੰ ਪਰਮੁੱਖਤਾ ਦਿੱਤੀ ਹੈ। ਕਿੰਗ ਚਾਰਲਸ ਤੀਜੇ ਨੇ ਕਿਹਾ ਕਿ ਕਿਸੇ ਵੀ ਦੇਸ਼ ਦੀ ਐਗਜੈਕਟਿਵ ਤਾਕਤ ਉੱਪਰ ਚੈੱਕਸ ਅਤੇ ਬੈਲੈਂਸ ਦਾ ਹੋਣਾ ਜਰੂਰੀ ਹੈ ਭਾਵ ਨਿਰਕੁੰਸ਼ਤਾ ਖਤਰਨਾਕ ਹੈ। ਸ਼ਾਇਦ ਇਹ ਗੱਲ ਕਿੰਗ ਚਾਰਲਸ ਤੀਜੇ ਨੇ ਟਰੰਪ ਦੇ ਬੇ-ਥਵਹੇ ਐਗਜੈਕਟਿਵ ਕਾਨੂੰਨਾ ਨਾਲ ਦੁਨੀਆਂ ਵਿੱਚ ਬੇਚੈਨੀ ਤੇ ਅਸਥਿਰਤਾ ਪੈਦਾ ਕਰਨ ਨਾਗਰਿਕਤਾ ਤੇ ਸਵਾਲ ਖੜ੍ਹੇ ਕਰਨ ਵਾਲੇ ਅਤੇ ਦੁਨੀਆਂ ਦੇ ਦੇਸ਼ਾਂ ਵਿਰੁੱਧ ਅਭੂਤਪੂਰਵ ਟੈਰਿਫ ਲਾਉਣ ਵਾਲੇ ਐਗਜੈਕਟਿਵ ਆਰਡਰਾਂ ਕਰਕੇ ਜਾਂ ਦੂਜੇ ਦੇਸ਼ਾਂ ਨੂੰ ਆਪਣਾ ਹਿੱਸਾ ਬਨਾਉਣ ਵਾਲੇ ਆਪਹੁਦਰੇ ਬਿਆਨਾ ਕਰਕੇ ਕੀਤਾ ਹੋਵੇਗਾ।



ਭਾਵੇਂ ਕਿੰਗ ਚਾਰਲਸ ਤੀਜੇ ਨੇ ਆਪਣੇ ਭਾਸ਼ਨ ਵਿੱਚ ਡੋਨਾਲਡ ਟਰੰਪ ਦੀ ਇਤਿਹਾਸਕ ਹਵਾਲੇ ਦੇ ਕੇ ਭਰਪੂਰ ਬੇਇੱਜਤੀ ਕੀਤੀ। ਇਸ ਭਾਸ਼ਨ ਦੀ ਇਤਿਹਾਸਕ ਸੱਚਾਈ ਕਰਕੇ ਅਮਰੀਕਨ ਕਾਂਗਰਸ (ਸੰਸਦ) ਦੇ ਰਿਪਬਲਿਕਨ ਓਤੇ ਡੈਮੋਕ੍ਰੇਟ ਸਸ਼ਸਦਾਂ ਨੇ ਬੇਹੱਦ ਪ੍ਰਸ਼ੰਸਾ ਕੀਤੀ।ਡੋਨਾਲਡ ਟਰੰਪ ਨੇ ਕਿਹਾ ਕਿ ਉਸਨੇ ਪਹਿਲੀ ਵਾਰ ਦੇਖਿਆ ਹੈ ਕਿ ਉਹ ਡੈਮੋਕ੍ਰੇਟਸ ਨੂੰ ਕਦੇ ਪ੍ਰਭਾਵਿਤ ਨਹੀਂ ਕਰ ਸਕਿਆ ਅਤੇ ਕਿੰਗ ਚਾਰਲਸ ਤੀਜੇ ਨੇ ਡੈਮੋਕ੍ਰੇਟਸ ਨੂੰ ਸਟੈਂਡਿੰਗ ਓਵੇਸ਼ਨ (ਖੜ੍ਹੇ ਹੋ ਕੇ ਆਪਣੇ ਭਾਸ਼ਨ ਦੀ ਤਾਰੀਫ ਕਰਨ) ਲਈ ਮਜਬੂਰ ਕਰ ਦਿੱਤਾ।

**ਇਸਦਾ ਅਰਥ ਕੀ ਹੈ ?**

ਇਸਦਾ ਅਰਥ ਇਹੀ ਬਣਦਾ ਹੈ ਕਿ ਡੋਨਾਲਡ ਟਰੰਪ ਹਮੇਸ਼ਾ ਯਭਲੀਆਂ ਮਾਰਦਾ ਹੈ,ਜਿਸ ਕਰਕੇ ਉਸਨੂੰ ਬਹੁਤੇ ਸੰਸਦ ਮੈਂਬਰ ਗੰਭੀਰਤਾ ਨਾਲ ਨਹੀਂ ਲੈਂਦੇ।

ਆਪਣੇ ਭਾਸ਼ਨ ਦੌਰਾਨ ਡੋਨਾਲਡ ਟਰੰਪ ਨੇ ਕਿਹਾ ਕਿ ਉਸਦੀ ਸ਼ਾਨਦਾਰ (ਟਰੰਪ ਦੀ ) ਮਾਂ ਮੇਰੀ ਮੈਕਲਾਇਡ ਉਸਨੂੰ ਕਿਹਾ ਕਰਦੀ ਸੀ ਕਿੰਗ ਚਾਰਲਸ ਬਹੁਤ ਕਿਊਟ (ਖੂਬਸੂਰਤ) ਹੈ ਅਤੇ ਡੋਨਾਲਡ ਟਰੰਪ ਅਨੁਸਾਰ ਉਸਦੀ ਮਾਂ ਦਾ ਜਵਾਨ ਕਿੰਗ ਚਾਰਲਸ ਤੀਜੇ ਤੇ ਕਰੱਸ਼ (ਦਿਲ ਆ ਗਿਆ) ਸੀ। ਡੋਨਾਲਡ ਟਰੰਪ ਨੇ ਆਪਣੇ ਭਾਸ਼ਨ ਦੌਰਾਨ ਕਾਂਗਰਸ (ਸੰਸਦ) ਵਿੱਚ ਇਹ ਗੱਲ ਹੁੱਬ ਕੇ ਦੱਸੀ।

ਹੁਣ ਇਹ ਦੇਖੋ । ਡੋਨਾਲਡ ਟਰੰਪ ਉਮਰ ਵਿੱਚ ਕਿੰਗ ਚਾਰਲਸ ਤੀਜੇ ਤੋਂ ਤਿੰਨ ਸਾਲ ਵੱਡਾ ਹੈ। ਕੀ ਡੋਨਾਲਡ ਟਰੰਪ ਦੀ ਮਾਂ ਆਪਣੇ ਪੁੱਤਰ ਪਾਸ ਇਹ ਗੱਲ ਕਰ ਸਕਦੀ ਹੈ ਕਿ ਉਸਦਾ ਦਿਲ ਆਪਣੇ ਬੇਟੇ ਤੋਂ ਵੀ ਤਿੰਨ ਸਾਲ ਛੋਟੇ ਮੁੰਡੇ ਤੇ ਆ ਗਿਆ । ਜੇ ਇਹ ਸੱਚ ਹੈ ਤਾਂ ਗੜਬੜ ਹੈ, ਇਹਨਾ ਦੇ ਟੱਬਰ ਦੇ ਡੀ.ਐਨ.ਏ ਵਿੱਚ ਇਖਲਾਕ ਵਿੱਚ। ਮਾਂ-ਪੁੱਤ ਦੇ ਰਿਸ਼ਤੇ ਵਿੱਚ ਅਜਿਹੀ ਕੋਈ ਸਾਂਝ ਇੱਜ਼ਤਦਾਰ ਪਰਿਵਾਰ ਵਿੱਚ ਤਾਂ ਹੋ ਨੀ ਸਕਦੀ।

ਡੋਨਾਲਡ ਟਰੰਪ ਨੇ ਇਸ ਭਾਸ਼ਨ ਵਿੱਚ ਨਿੱਜੀ ਗੱਲਾਂ ਹੀ ਜਿ਼ਆਦਾ ਕੀਤੀਆਂ ; ਉਹ ਵੀ ਅਜਿਹੀਆਂ ਜੋ ਕਿਸੇ ਦੇਸ਼ ਦੇ ਆਗੂ ਵੱਲੋਂ ਲੋਕਾਂ ਵਿੱਚ ਅਜਿਹੀਆਂ ਗੱਲਾਂ ਕਰਨ ਦੀ ਕੋਈ ਤੁਕ ਨਹੀਂ ਬਣਦੀ। ਡੋਨਾਲਡ ਟਰੰਪ ਨੇ ਕਿਹਾ ਕਿ ਉਸਦੀ ਮਾਂ ਮੇਰੀ ਮੈਕਲਾਇਡ ਦਾ ਵਿਆਹੁਤਾ ਜੀਵਨ ਉਸਦੇ ਬਾਪ ਨਾਲ 63 ਸਾਲ ਚੱਲਿਆ। ਤੇ ਨਾਲ ਹੀ ਮੇਲਾਨੀਆਂ ਟਰੰਪ ਵੱਲ ਦੇਖ ਕੇ ਕਿਹਾ ਕਿ ਉਹਨਾ ਦਾ ਵਿਆਹੁਤਾ ਜੀਵਨ ਇੰਨਾ ਲੰਬਾ ਨਹੀਂ ਚੱਲ ਸਕਦਾ।

ਕਾਰਨ ?

ਡੋਨਾਲਡ ਟਰੰਪ ਸਾਹਿਬ ਤੁਸੀਂ ਬੇਚੈਨ ਆਤਮਾ ਹੋ ; ਮੇਲਾਨੀਆਂ ਨਾਲ ਤੁਹਾਡਾ ਤੀਜਾ ਵਿਆਹ ਹੈ; ਉਹ ਥੋਡੀ ਕੁੜੀ ਦੀ ਉਮਰ ਦੀ ਹੈ। ਆਪਣੇ ਮੁੰਡੇ ਦੇ ਦੂਜੇ ਵਿਆਹ ਤੋਂ ਬਾਦ ਤੈਂ ਆਪਣੇ ਤੋਂ ਚੌਵੀ ਸਾਲ ਛੋਟੀ ਮੇਲਾਨੀਆਂ ਨਾਲ ਵਿਆਹ ਕਰਵਾਇਆ। ਕਸੂਰ ਤੇਰਾ ਹੈ ਵੱਡੀ ਉਮਰ ਚ ਤੀਜਾ ਵਿਆਹ ਕਰਵਾਉਣ ਦਾ। ਤਰੇਹਟ ਸਾਲ ਵਿਆਹੁਤਾ ਜੀਵਨ ਕਿਵੇਂ ਚੱਲੂ।

ਇਸਤੋਂ ਅਗਲੀ ਗੱਲ । ਹਰ ਆਮ ਆਦਮੀ ਜਾਣਦਾ ਹੈ ਕਿ ਮਹਿਮਾਨ ਨੂੰ ਆਪਣੇ ਤੋਂ ਉੱਚ ਸਥਾਨ ਦੇਣਾ ਮੇਜਬਾਨ ਦਾ ਫਰਜ ਹੁੰਦਾ ਹੈ। ਕਿੰਗ ਚਾਰਲਸ ਤੀਜੇ ਨੂੰ ਮਿਲਣ ਆਏ ਅਮਰੀਕਾ ਦੇ ਵੱਖ-ਵੱਖ ਖੇਤਰਾਂ ਵਿੱਚੋਂ ਅਹਿਮ ਲੋਕ। ਡੋਨਾਲਡ ਟਰੰਪ ਦਾ ਫਰਜ ਸੀ ਕਿੰਗ ਚਾਰਲਸ ਤੀਜੇ ਅਤੇ ਮਹਾਰਾਣੀ ਨਾਲ ਮਿਲਣ ਆਏ ਲੋਕਾਂ ਦੀ ਨੇੜੇ ਹੋ ਕੇ ਮੁਲਾਕਾਤ ਕਰਵਾਉਣ ਦਾ। ਪਰ ਹੋਇਆ ਕੀ ? ਕਿੰਗ ਚਾਰਲਸ ਤੀਜੇ ਅਤੇ ਕੁਈਨ ਦਾ ਰਸਤਾ ਰੋਕ ਕੇ ਉਹਨਾ ਨੂੰ ਅਣਗੌਲਿਆ ਕਰਕੇ ਆਪ ਹੀ ਉਹਨਾ ਲੋਕਾਂ ਨਾਲ ਹੱਥ ਮਿਲਾਉਣ ਲੱਗ ਪਏ ਜੋ ਕਿੰਗ ਚਾਰਲਸ ਤੀਜੇ ਨੂੰ ਮਿਲਣ ਆਏ ਸਨ। ਇਹ ਮਹਿਮਾਨ ਦੀ ਬੇਇੱਜ਼ਤੀ ਹੈ ਅਤੇ ਅਮਰੀਕਾ ਦੀ ਵੀ, ਜਿਸਦੇ ਲੋਕਾਂ ਨੇ ਡੋਨਾਲਡ ਟਰੰਪ ਨੂੰ ਗਲਤੀ ਨਾਲ ਚਾਰ ਸਾਲ ਲਈ ਨੰਬਰਦਾਰ ਬਣਾ ਲਿਆ।

ਡੋਨਾਲਡ ਟਰੰਪ ਕਿਸੇ ਗੱਲ ਚ ਅਕਲ ਦੀ ਵਰਤੋਂ ਨਹੀਂ ਕਰਦਾ । ਕਿਸੇ ਨੂੰ ਵੀ ਨਹੀਂ ਪਤਾ ਕਿ ਉਹ ਅਜਿਹਾ ਕਿਉਂ ਕਰਦਾ ਹੈ। ਈਰਾਨ ਨੇ ਪ੍ਰਮਾਣੂੰ ਬੰਬ ਨਾ ਬਨਾਉਣ ਦੀ ਸੰਧੀ ਤੇ ਡੋਨਾਲਡ ਟਰੰਪ ਦੇ ਰਾਸ਼ਟਰਪਤੀ ਬਣਨ ਤੋਂ ਵੀ ਪਹਿਲਾਂ ਦਸਤਖਤ ਕੀਤੇ।ਈਰਾਨ ਕਹਿੰਦੈ ਉਸਦਾ ਐਟਮੀ ਪਾਵਰ ਬਣਨ ਦਾ ਕੋਈ ਇਰਾਦਾ ਨਹੀਂ। ਟਰੰਪ ਨੇ ਜੰਗ ਸ਼ੁਰੂ ਕੀਤੀ ਕਿ ਈਰਾਨ ਦਾ ਐਟਮ ਬੰਬ ਬਨਾਉਣ ਦਾ ਇਰਾਦਾ ਹੈ। ਇਹ ਤਾਂ ਫਿਰ ਮੱਲੋ ਮੱਲੀ ਲੜਾਈ ਭਾਲਣ ਵਾਲੀ ਗੱਲ ਹੈ।

ਦੂਜੀ ਗੱਲ ਟਰੰਪ ਨੇ ਈਰਾਨ ਨੂੰ ਘੇਰਾ ਪਾਇਆ ਹੋਇਆ ਹੈ ਹਾਰਮੂਜ ਸਟਰੇਟ ਖੋਲ੍ਹਣ ਲਈ ਪਰ ਉਸਨੇ ਤਾਂ ਹਾਰਮੂਜ ਸਟਰੇਟ ਬੰਦ ਹੀ ਤਾਂ ਕੀਤੀ ਜੇ ਉਸਦੇ ਦੁਆਲੇ ਘੇਰਾ ਪਾਇਆ ਤਾਂ। ਹਾਰਮੂਜ ਤਾਂ ਘੇਰਾ ਪਾਉਣ ਤੋਂ ਪਹਿਲਾਂ ਖੁਲ੍ਹਾ ਹੀ ਸੀ।ਟਰੰਪ ਦੀ ਇਹ ਗੱਲ ਵੀ ਲੜਾਈ ਮੁੱਲ ਲੈਣ ਵਾਲੀ ਹੈ।

ਇਹ ਬੰਦਾ ਹਰ ਰੋਜ ਆਪਣੀ ਵੀ ਬਦਨਾਮੀ ਕਰਵਾਉਂਦਾ ਹੈ ਆਪਣੇ ਦੇਸ਼ ਦੀ ਵੀ। ਇਸ ਬੰਦੇ ਨੇ ਅਮਰੀਕਾ ਫਸਟ ਵਾਲੀ ਗੱਲ ਖਤਮ ਕਰ ਦਿੱਤੀ ਹੈ।

ਟਰੰਪ ਸਾਹਿਬ...ਕਿਉਂ ਬਦਨਾਮੀ ਕਰਦੇ ਹੋ ਆਪਣੇ ਫੁਕਰਪੁਣੇ ਨਾਲ ? ਕਿਤਾਬਾਂ ਪੜ੍ਹੋ, ਇਤਿਹਾਸ ਦੀਆਂ; ਇਖਲਾਕ ਦੀਆਂ
ਕਿਉਂਕਿ ਦੁਨੀਆਂ ਕਿਸੇ ਡੀਲ ਤੇ ਨਹੀਂ ਟਿਕੀ, ਇਹ ਮਾਨਵਤਾ ਨਾਲ ਡੀਲਿੰਗ ਤੇ ਟਿਕੀ ਹੈ।

ਇੱਕ ਗੱਲ ਹੋਰ ਬੀਤੇ ਦਿਨ ਯੂ.ਐੱਸ ਦੇ ਰੱਖਿਆ ਸਕੱਤਰ ਪੀਟ ਹੈਗਸਥ ਨੂੰ ਕਾਂਗਰਸ (ਸੰਸਦ) ਵਿੱਚ ਬੁਲਾ ਕੇ ਸਵਾਲ ਜਵਾਬ ਕੀਤੇ ਗਏ। ਸਵਾਲ ਪੁੱਛਣ ਦਾ ਅਧਿਕਾਰ ਹਾਊਸ ਨੇ ਸਾਰਾ ਜੈਕਬ ( ਐਮ.ਪੀ.) ਨੂੰ ਦਿੱਤਾ । ਉਸਨੇ ਪੀਟ ਹੈਗਸਥ ਨੂੰ ਸਵਾਲ ਕੀਤਾ ਕਿ ਈਰਾਨ ਨਾਲ ਜੰਗ ਕਿਉਂ ਛੇੜੀ ਗਈ ?

ਪੀਟ ਹੈਗਸਥ ਨੇ ਕਿਹਾ ਕਿ ਉਹ ਪ੍ਰਮਾਣੂ ਬੰਬ ਬਣਾਉਣ ਤੋਂ ਰੋਕਣ ਲਈ।

ਸਾਰਾ ਜੈਕਬ ਨੇ ਕਿਹਾ ਕਿ ਤੁਸੀਂ ਖੁਦ ਬਿਆਨ ਦਿੱਤਾ ਸੀ ਕਿ ਉਸ ਪਾਸ ਪ੍ਰਮਾਣੂ ਬੰਬ ਬਨਾਉਣ ਦੀ ਸਮਰੱਥਾ ਨਹੀਂ। ਹੁਣ ਤੁਸੀਂ ਕਹਿੰਦੇ ਹੋ ਈਰਾਨ ਪ੍ਰਮਾਣੂ ਬੰਬ ਬਣਾ ਸਕਦਾ ਸੀ। ਹੁਣ ਇਹ ਬਿਆਨ ਕਿਉਂ ?

ਪੀਟ ਹੈਗਸਥ ਇਸ ਜਵਾਬ ਚ ਉਲਝ ਗਿਆ।

ਸਾਰਾ ਜੈਕਬ ਦਾ ਪੀਟ ਹੈਗਸਥ ਨੂੰ ਅਗਲਾ ਸਵਾਲ: ਤੁਸੀਂ ਰਾਸ਼ਟਰਪਤੀ ਡੋਨਾਲਡ ਟਰੰਪ ਨਾਲ ਜਿ਼ਆਦਾ ਸਮਾਂ ਰਹਿੰਦੇ ਹੋ ਕੀ ਉਹ ਮਾਨਸਿਕ ਤੌਰ ਤੇ ਠੀਕ ਹੈ ?

ਪੀਟ ਹੈਗਸਥ ਨੇ ਇਸ ਸਵਾਲ ਦਾ ਜਵਾਬ ਦੇਣ ਦੀ ਥਾਂ ਸਾਰਾ ਜੈਕਬ ਨੂੰ ਸਵਾਲ ਕੀਤਾ ਕਿ ਕੀ ਉਹ ਸਾਬਕਾ ਡੈਮੋਕ੍ਰੇਟ ਰਾਸ਼ਟਰਪਤੀ ਜੋਅ ਬਾਈਡਨ ਨੂੰ ਇਹ ਸਵਾਲ ਕਰਦੀ ?

ਸਾਰਾ ਜੈਕਬ ਨੇ ਕਿਹਾ ਕਿ ਜੋਅ ਬਾਈਡਨ ਯੂ.ਐੱਸ ਦਾ ਰਾਸ਼ਟਰਪਤੀ ਨਹੀਂ ਹੈ। ਇਸ ਵੇਲੇ ਯੂ.ਐੱਸ ਦਾ ਰਾਸ਼ਟਰਪਤੀ ਡੋਨਾਲਡ ਟਰੰਪ ਹੈ। ਸਵਾਲ ਉਸ ਬਾਰੇ ਹੀ ਪੁੱਛਿਆ ਜਾਵੇਗਾ।

ਇਸਤੇ ਪੀਟ ਹੈਗਸਥ ਬੁਖਲਾਅ ਗਿਆ ਅਤੇ ਕੋਈ ਜਵਾਬ ਹੀ ਨਹੀਂ ਦੇ ਸਕਿਆ।

ਹੁਣ ਜਦ ਅਮਰੀਕਨ ਸੰਸਦ ਵਿੱਚ ਹੀ ਡੋਨਾਲਡ ਟਰੰਪ ਦੀ ਮਾਨਸਿਕ ਸਥਿਤੀ ਅਤੇ ਅਮਰੀਕਨ ਮਿਲਟਰੀ ਨੂੰ ਇਸਰਾਇਲ ਦੇ ਮੋਹਰਾ ਬਣਾਕੇ ਪੀਟ ਹੈਗਸਥ ਵਰਗੇ ਦੁਨੀਆਂ ਦੀ ਤਬਾਹੀ ਵਾਲੀ ਜੰਗ ਨੂੰ ਜਨਮ ਦੇ ਰਹੇ ਹਨ ਤਾਂ ਅਮਰੀਕਨ ਸੰਸਦ ਵੱਲੋਂ ਅਜਿਹੇ ਸਵਾਲ ਕਰਨੇ ਅਤੇ ਅਮਰੀਕਾ ਅਤੇ ਦੁਨੀਆਂ ਵਿੱਚ ਇਸ ਜੁੰਡਲੀ ਦਾ ਮਨਸੂਬਾ ਅਸਫਲ ਕਰਨਾ ਜਰੂਰੀ ਹੈ।

ਸਾਰੀ ਦੁਨੀਆਂ ਦੇ ਲੋਕਾਂ ਨੂੰ ਅਜਿਹੇ ਫਤੂਰੀ ਨੇਤਾਵਾਂ ਦੀ ਤਬਾਹੀ ਵਾਲੀ ਸੋਚ ਤੋਂ ਬਚਣ ਦੀ ਭਵਿੱਖ ਵਿੱਚ ਤਿਆਰ ਰਹਿਣਾ ਪਵੇਗਾ।

ਪੰਜਾਬੀ ਅਖ਼ਬਾਰ ਆਪ ਪੜ੍ਹੋ ਅਤੇ ਹੋਰਾਂ ਨੂੰ ਪੜ੍ਹਨ ਦੀ ਆਦਤ ਪਾਓ



ਮੁੱਖ ਸੰਪਾਦਕ ਹਰਬੰਸ ਬੁੱਟਰ
403 640 2000
punjabiakhbaar@gmail.com

This disclaimer informs the readers of 'the Punjabi Akhbaar' that the views, thoughts, and opinions expressed in the texts belong solely to their authors, and not necessarily to the author's employer, organization, committee or other group or individual, and the Editor and Publisher of this Newspaper. The concerned companies that advertise in this News Paper are responsible for the content, information, price, warranty, guaranty, quality etc. and not 'the Punjabi Akhbaar'. The Editor reserves the right to edit or not the articles, reports and/or news published herein.
-Editor

ਨੋਟ: "ਪੰਜਾਬੀ ਅਖ਼ਬਾਰ" ਵਿੱਚ ਛਪਣ ਵਾਲੀ ਸਮੱਗਰੀ ਵਿਚਲੇ ਵਿਚਾਰ ਉਹਨਾਂ ਦੇ ਲੇਖਕਾਂ ਦੇ ਹੀ ਸਮਝੇ ਜਾਣ , ਸੰਪਾਦਕ ਜਾਂ ਪਬਲਿਸ਼ਰ ਦਾ ਉਹਨਾਂ ਨਾਲ ਸਹਿਮਤ ਜਾਂ ਅਸਹਿਮਤ ਹੋਣਾ ਕੋਈ ਜਰੂਰੀ ਨਹੀਂ। "ਪੰਜਾਬੀ ਅਖ਼ਬਾਰ" ਵਿੱਚ ਛਪਦੇ ਇਸਤਿਹਾਰਾਂ ਸਬੰਧੀ , ਸਬੰਧਤ ਚੀਜਾਂ ਪ੍ਰਤੀ ਜਾਣਕਾਰੀ, ਕੀਮਤ, ਵਾਰੰਟੀ,ਕੁਆਲਿਟੀ, ਸਬੰਧੀ ਇਸਤਿਹਾਰ ਦੇਣ ਵਾਲੀ ਕੰਪਨੀ ਹੀ ਜਿੰਮੇਬਾਰ ਹੈ। 'ਪੰਜਾਬੀ ਅਖ਼ਬਾਰ' ਨੂੰ ਭੇਜੀ ਗਈ ਹਰ ਰਚਨਾਂ, ਰਿਪੋਰਟ, ਜਾਂ ਖਬਰ ਨੂੰ ਪ੍ਰਕਾਸਿਤ ਕਰਨ ਤੋਂ ਪਹਿਲਾਂ ਆਡਿਟ ਜਾਂ ਨਾ ਆਡਿਟ ਕਰਨ ਦਾ ਪੂਰਾ ਅਧਿਕਾਰ ਹੈ।
– ਸੰਪਾਦਕ

ਮੁੱਖ ਦਫਤਰ ਕੈਲਗਰੀ 208 #10 -4774 Westwinds Drive NE Calgary (AB) T3J 0L7 Canada: 1 403 640 2000, editor@punjabiakhbaar.ca

# ਨਾਰਥ ਕੈਲਗਰੀ ਕਲਚਰਲ ਐਸੋਸੀਏਸ਼ਨ ਨੇ ਗੁਰਮੋਹ ਦੇ ਇਲਾਜ ਦੀ ਮੱਦਦ ਲਈ 1000 ਡਾਲਰ ਦਿੱਤਾ





ਕੈਲਗਰੀ(ਪੰਜਾਬੀ ਅਖ਼ਬਾਰ ਬਿਊਰੋ) ਨਾਰਥ ਕੈਲਗਰੀ ਕਲਚਰਲ ਐਸੋਸੀਏਸ਼ਨ ਦੀ ਮੀਟਿੰਗ 27 ਅਪ੍ਰੈਲ ਨੂੰ ਪੈਨੋਰਾਮਾ ਕਮਿਊਨਿਟੀ ਸੈਂਟਰ ਵਿਖੇ ਹੋਈ। ਸਕੱਤਰ ਗੁਰਦਿਆਲ ਸਿੰਘ ਖਹਿਰਾ ਨੇ ਕਾਰਵਾਈ ਸ਼ੁਰੂ ਕਰਦਿਆਂ ਪਿਛਲੇ ਦਿਨੀਂ ਐਸੋਸੀਏਸ਼ਨ ਦੇ ਮੈਂਬਰ ਮੱਖਣ ਸਿੰਘ ਸਹੋਤਾ ਅਤੇ ਸਰਦਾਰ ਲਾਲ ਮੱਟੂ ਦੇ ਸਦੀਵੀ ਵਿਛੋੜਾ ਦੇਣ ਦੀ ਸੂਚਨਾ ਦਿੱਤੀ। ਸੁਰਿੰਦਰਜੀਤ ਪਲਾਹਾ ਨੇ ਵਿਛੜੀਆਂ ਰੂਹਾਂ ਪ੍ਰਤੀ ਸ਼ਧਾਂਜਲੀ ਭੇਟ ਕਰਦਿਆਂ ਕਿਹਾ ਕਿ ਮੱਖਣ ਸਿੰਘ ਸਹੋਤਾ ਸਫਲ ਜੀਵਨ ਬਿਤਾ ਕੇ ਆਪਣੇ ਪਰਿਵਾਰ ਨੂੰ ਉੱਚਾ ਉਠਾ ਕੇ ਨਾਮਣਾ ਖੱਟ ਕੇ ਗਏ ਹਨ। ਸਰਦਾਰ ਲਾਲ ਮੱਟੂ ਇੱਕ ਜ਼ਹੀਨ ਇਨਸਾਨ ਸਨ ਜਿੰਨ੍ਹਾਂ ਨੇ ਹੇਠਲੇ ਪੱਧਰ ਤੋਂ ਉੱਠ ਕੇ ਆਪਣੀ ਮਿਹਨਤ, ਲਿਆਕਤ ਅਤੇ ਸਿਰੜ ਸਦਕਾ ਡਾਕਟਰ ਦੀ ਡਿਗਰੀ ਹਾਸਿਲ ਕੀਤੀ, ਪਰਿਵਾਰ ਅਤੇ ਸਮਾਜ ਲਈ ਸਲਾਹੁਣਯੋਗ ਕਾਰਜ ਕੀਤਾ। ਉਨ੍ਹਾਂ ਦਾ ਜੀਵਨ ਸਾਡੇ ਲਈ ਮਿਸਾਲ ਹੈ। ਅਜਿਹੇ ਇਨਸਾਨ ‘ਤੇ ਮਾਣ ਕਰਨਾ ਬਣਦਾ ਹੈ। ਪਲਾਹਾ ਜੀ ਨੇ ਜਾਣਕਾਰੀ ਦਿੱਤੀ ਕਿ ਸਰੀ ਦੇ ਇੱਕ ਪਰਿਵਾਰ ਦਾ ਗੁਰਮੋਹ ਨਾਂ ਦਾ ਤਿੰਨ ਸਾਲ ਦਾ ਬੱਚਾ ਭਿਆਨਕ ਬੀਮਾਰੀ ਨਾਲ਼ ਜੂਝ ਰਿਹਾ ਹੈ। ਉਸ ਦੇ ਇਲਾਜ ਲਈ ਲੋੜੀਂਦੇ 80 ਲੱਖ ਦੇ ਟੀਚੇ ਲਈ 7 ਲੱਖ ਡਾਲਰ ਇਕੱਠੇ ਹੋ ਚੁੱਕੇ ਹਨ, ਜਦੋਂ ਕਿ 27 ਲੱਖ ਡਾਲਰ ਗੋਫੰਡ ਰਾਹੀਂ ਹੋਣਗੇ। ਐਸੋਸੀਏਸ਼ਨ ਨੇ ਇੱਕ ਹਜ਼ਾਰ ਡਾਲਰ ਦਾਨ ਕੀਤੇ ਹਨ। ਉਨ੍ਹਾਂ ਨੇ ਮੈਂਬਰਾਂ ਨੂੰ ਵੀ ਦਾਨ ਦੇਣ ਦੀ ਅਪੀਲ ਕੀਤੀ।

ਅਪ੍ਰੈਲ ਮਹੀਨੇ ਪੈਂਦੇ ਜਨਮਦਿਨ ਵਾਲ਼ੇ ਮੈਂਬਰਾਂ ਨੂੰ ਤੋਹਫ਼ੇ ਦੇ ਕੇ ਤਾੜੀਆਂ ਦੀ ਗੂੰਜ ਵਿੱਚ ਵਧਾਈਆਂ ਪਰੋਸੀਆਂ ਗਈਆਂ। ਭਗਵੰਤ ਸਿੰਘ ਸੰਧੂ ਨੇ ਕੈਨੇਡਾ ਵਿੱਚ ਆਪਣੇ ਭਾਈਚਾਰੇ ਦੇ ਵਧੀਆ ਅਕਸ ਬਾਰੇ ਗੱਲ ਕਰਦਿਆਂ ਹੁਣ ਦੇ ਕੁੱਝ ਹੁੱਲੜ੍ਹਬਾਜ਼ਾਂ ਦੇ ਵਤੀਰੇ ਵੱਲ ਧਿਆਨ ਦਿਵਾਇਆ। ਸੁਰਜੀਤ ਕੌਰ ਕੰਮੋਹ ਨੇ - ਦੁਨੀਆਂ ਬਨਾਨੇ ਵਾਲੇ ਕਿਆ ਤੇਰੇ ਦਿਲ ਮੇ ਸਮਾਈ ਕਾਹੇ ਕੋ ਦੁਨੀਆਂ ਬਨਾਈ, ਅਤੇ ਗਿੱਲ ਸੁਖਮੰਦਰ ਨੇ - ਬੇਕਰਾਰੀਆਂ ਹੁੰਦੀਆਂ ਕੀਮਤੀ ਜੀ ਹਾਸਲ ਇਹਨਾਂ ਵਿੱਚੋਂ ਇਤਮੀਨਾਨ ਹੋਵੇ - ਗੀਤ ਸੁਣਾ ਕੇ ਦਰਸ਼ਕਾਂ ਦਾ ਚੰਗਾ ਮਨੋਰੰਜਨ ਕੀਤਾ। ਹੈਰੀ ਸੇਖੋਂ ਨੇ ਕੈਲਗਰੀ ਦੇ ਪਹਿਲੇ ਪੰਜਾਬੀ ਹਰਨਾਮ ਸਿੰਘ ਹੈਰੀ ਦੇ ਪਰਿਵਾਰ ਨਾਲ਼ ਨੇੜਤਾ ਦਾ ਜ਼ਿਕਰ ਕੀਤਾ ਅਤੇ ਉਨ੍ਹਾਂ ਵਾਂਗ ਚੰਗੇ ਉਸਾਰੂ ਕੰਮ ਕਰਨ ਦੀ ਲੋੜ ਤੇ ਜ਼ੋਰ ਦਿੱਤਾ। ਸੁਖਦੇਵ ਬੈਂਸ ਅਤੇ ਭਜਨ ਸਿੰਘ ਸਾਗੂ ਨੇ ਆਪੋ-ਆਪਣੇ ਅੰਦਾਜ਼ ਵਿੱਚ ਚੁਟਕਲੇ ਸੁਣਾ ਕੇ ਹਾਸਰਸ ਦਾ ਮਾਹੌਲ ਬਣਾਇਆ। ਰਿਸ਼ੀ ਨਾਗਰ ਨੇ ਪੰਜਾਬ ਵਿੱਚ ਬੱਸਾਂ ਅੰਦਰ ਭਾਂਤ-ਭਾਂਤ ਦੀਆਂ ਚੀਜ਼ਾਂ ਵੇਚਣ ਵਾਲ਼ੇ ਹਰਕਾਰਿਆਂ ਬਾਰੇ, ਖਾਸ ਕਰ ਕੇ ਜੰਤਰੀ ਵੇਚਣ ਵਾਲ਼ੇ ਦੀ ਹੂ-ਬ-ਹੂ ਨਕਲ ਲਾਹੁੰਦੀ ਮਜ਼ਾਕੀਆ ਕਵਿਤਾ ਸੁਣਾ ਕੇ ਦਰਸ਼ਕਾਂ ਨੂੰ ਹਸਾਇਆ। ਲੱਗਦਾ ਸੀ ਜਿਵੇਂ ਸਾਰੇ ਜਣੇ ਬਠਿੰਡੇ ਤੋਂ ਸੰਗਰੂਰ ਜਾਂਦੀ ਬੱਸ ਵਿਚ ਬੈਠੇ ਹੋਣ, ਨਾਲ਼ ਹੀ ਅਨਵਰ ਗਹੂਰ ਦੀ ‘ਜਿਹਲਮ ਦਾ ਪੁਲ਼‘ ਨਾਮੀ ਕਵਿਤਾ ਸੁਣਾ ਕੇ ਵੱਖਰਾ ਰੰਗ ਬਿਖੇਰਿਆ। ਲਲਿਤਾ ਅਤੇ ਸੁਖਵਿੰਦਰ ਸੁੱਖੀ ਨੇ ਕੈਨੇਡਾ ਵਿੱਚ ਆਏ ਪਹਿਲੇ ਹਿਜਰਤੀਆਂ ਦੀਆਂ ਮੁਸ਼ਕਲਾਂ ਅਤੇ ਹੁਣ ਦੇ ਹਾਲਾਤ ਬਾਰੇ ਵਿਚਾਰ ਰੱਖੇ। ਦਰਸ਼ਨ ਧਾਲ਼ੀਵਾਲ਼ ਨੇ ਗੰਗਾ ਸਾਗਰ ਬਾਰੇ ਗੱਲ ਕੀਤੀ। ਪ੍ਰਮਿੰਦਰ ਗਰੇਵਾਲ਼ ਨੇ ਸ਼ਿਅਰ ਫ਼ੁਰਮਾਏ। ਚਰਨਦੀਪ ਕੌਰ ਨੇ ਪਟਿਆਲ਼ੇ ਸ਼ਹਿਰ ਦੀਆਂ ਯਾਦਗਾਰਾਂ ਅਤੇ ਵਿਸ਼ੇਸ਼ਤਾਈਆਂ ਪਰੋ ਕੇ ਕਵਿਤਾ ਸੁਣਾਈ - ਬਾਬੇ ਆਲੇ ਦਾ ਪਟਿਆਲ਼ਾ ਏ। ਪਰਮਜੀਤ ਭੰਗੂ ਨੇ ਕਵਿਤਾ ਸੁਣਾਈ - ਨਾ ਮੈਂ ਹਿੰਦੂ ਸਿੱਖ ਨਾ ਈਸਾਈ ਨਾ ਹੀ ਮੈਂ ਇਨਸਾਨ ਬਣਿਆਂ। । ਗੁਰਜੀਤ ਬਾਵੇਜਾ ਨੇ ਨਿਰਮੋਹੀ ਔਲ਼ਾਦ ਬਾਰੇ ਕਹਾਣੀ ਸੁਣਾਈ। ਅਖੀਰ ਵਿੱਚ ਪ੍ਰਧਾਨ ਸੁਰਿੰਦਰਜੀਤ ਪਲਾਹਾ ਨੇ ਰਸਮੀ ਤੌਰ‘ ਤੇ ਹਾਜ਼ਰੀਨ ਦਾ ਧੰਨਵਾਦ ਕੀਤਾ। ਪਰਮਜੀਤ ਖੋਸਾ ਦੀ ਟੀਮ ਨੇ ਭੋਜਨ ਵਰਤਾਇਆ।







# ਕਾਗ਼ਜ਼ੀ ਵਿਚੋਲਪੁਣਾ

### ਲੜਕੀ ਦੀ ਲੋੜ

ਕਨੇਡੀਅਨ ਸਿਟੀਜਨ,ਪੰਜਾਬੀ ਹਿੰਦੂ ਖੱਤਰੀ ਮਨੋਚਾ ਪਰਿਵਾਰ ਦੇ ਲੜਕੇ ਜਨਮ 1996, ਕੱਦ 5 ਫੁੱਟ 10 ਇੰਚ, ਐਜੂਕੇਸ਼ਨ: BBA , ਫੈਮਿਲੀ ਬਿਜਨਿਸ ਚਲਾ ਰਹੇ, ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 587 969 8776 ਜਾਂ ਈ ਮੇਲ: Gmanocha@shaw.ca **296*3**

### ਲੜਕੇ ਦੀ ਲੋੜ

ਕਨੇਡੀਅਨ ਸਿਟੀਜਨ ,ਜੱਟ ਸਿੱਖ ਸਿੱਧੂ ਪਰਿਵਾਰ ਦੀ ਲੜਕੀ,ਜਨਮ 1992,ਕੱਦ 5 ਫੁੱਟ 4 ਇੰਚ, ਰਜਿਸਟਰਡ ਨਰਸ ਲਈ ਹਾਣ ਪ੍ਰਵਾਣ ਦੇ ਕਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ, ਚੰਗੇ ਪੜੇ ਲਿਖੇ,ਵੈੱਲ ਸੈਟਲਡ,ਨਸ਼ਿਆਂ ਤੋਂ ਰਹਿਤ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: +91 9646714007 ਜਾਂ +91 78889 93075 ***292***1***

### ਲੜਕੀ ਦੀ ਲੋੜ

ਦਿੱਲੀ ਦੇ ਜੰਮਪਲ ਸਿੱਖ ਬਾਜਵਾ ਪਰਿਵਾਰ ਦੇ ਇਕਲੌਤੇ ਲੜਕੇ ਜਨਮ 2002,ਕੱਦ 5 ਫੁੱਟ 10 ਇੰਚ, ਵਿੱਦਿਅਕ ਯੋਗਤਾ: graduation in BBA, ਦਿੱਲੀ ਕਾਰਪੋਰੇਸ਼ਨ ਸਰਕਾਰੀ ਜੌਬ ਕਰਦੇ ਲਈ ਹਾਣ ਪ੍ਰਵਾਨ ਦੀ ਕੈਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ । ਵਰਕ ਪਰਮਿਟ ਵਾਲੀ ਲੜਕੀ ਵੀ ਸੰਪਰਕ ਕਰ ਸਕਦੀ ਹੈ ।ਸੰਪਰਕ: 1 368 599 7814 **296**3

### ਲੜਕੇ ਦੀ ਲੋੜ

ਰਾਮਗੜ੍ਹੀਆ PR ਲੜਕੀ ,ਕੈਲਗਰੀ ਜਨਮ 1989 5' 5" ਪੜ੍ਹੀ ਲਿਖੀ ਤਲਾਕਸ਼ੁਦਾ, ਬਿਨਾ ਬੱਚੇ, ਲਈ ਵੈੱਲ ਸੈੱਟਲਡ ਮੁੰਡੇ ਦੀ ਲੋੜ। ਪਹਿਲ BC, ਮਾਲਵਾ। ਬਹੁਤੀ ਛੋਟੀ ਉਮਰ ਵਾਲੇ ਨਾ ਸੰਪਰਕ ਕਰਨ +91 98 558 48979, Ramgharia PR short issueless no kids divorce,5'5" 1989 well educated girl in Calgary seeking well settled boy. Willing to move to BC. Please call +91 98 558 48979, Marriage Bureau calls will be blocked ***295***3***

### ਲੜਕੀ ਦੀ ਲੋੜ

ਜੱਟ ਸਿੱਖ ਸਿੱਧੂ ਪਰਿਵਾਰ ਦੇ ਟਰੱਕਿੰਗ ਇੰਡਸਟਰੀ ਵਿੱਚ ਵਰਕ ਪਰਮਿਟ ਉੱਪਰ ਕੈਨੇਡਾ (ਕੈਲਗਰੀ) ਰਹਿੰਦੇ ਲੜਕੇ,ਉਮਰ 33 ਸਾਲ, ਕੱਦ 5 ਫੁੱਟ 9 ਇੰਚ, ਪੜ੍ਹਾਈ ਲਿਖਾਈ: ਬੀ ਟੈੱਕ ਐਂਡ ਲਾਅ, ਲਈ ਕਨੇਡੀਅਨ ਪੀ ਆਰ, ਸਿਟੀਜਨ ਜਾਂ ਵਰਕ ਪਰਮਿਟ ਵਾਲੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ : 1 403 493 1993 ਜਾਂ 91 98 141 22621 ***295***3***

### ਲੜਕੀ ਦੀ ਲੋੜ

ਵਰਕ ਪਰਮਿਟ ਉੱਪਰ ਕੈਲਗਿਰੀ ਰਹਿੰਦੇ ਪਰਜਾਪਤ ਸਿੱਖ ਪਰਿਵਾਰ ਦੇ ਲੜਕੇ,ਜਨਮ 1996,ਕੱਦ 5 ਫੁੱਟ 6 ਇੰਚ,ਟਰੱਕ ਟਰੇਲਰ ਮਕੈਨਿਕ,ਲਈ ਕੈਨੇਡੀਅਨ ਪੀ ਆਰ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਕੋਈ ਜਾਤੀ ਬੰਧਨ ਨਹੀਂ ,ਬਿਨਾ ਬੱਚੇ ਤੋਂ ਤਲਾਕ ਸ਼ੁਦਾ ਵੀ ਸੰਪਰਕ ਕਰ ਸਕਦੇ ਹਨ । ਕਾਲ:1 368 338 6512 ***295***3ਫ***

### ਲੜਕੇ ਦੀ ਲੋੜ

Jatt Sikh parents seeking suitable match for their Indian born daughter, Canadian citizen, Dec 1986 born, 5' 1.5" feet, B. Tech & MBA, working in a leading company in management role. Boy should be well educated of good moral values either doing decent job or business. Cell no./Whatsapp +1 587 434 0817 ***299***rana*

### ਲੜਕੇ ਦੀ ਲੋੜ

ਸੈਣੀ ਸਿੱਖ ਪਰਿਵਾਰ ਦੀ ਵਰਕ ਪਰਮਿਟ ਉੱਪਰ ਆਈ ਲੜਕੀ, ਜਨਮ ਅਕਤੂਬਰ1988,ਕੱਦ 5 ਫੁੱਟ 5 ਇੰਚ, ਵਿਦਿਅਕ ਯੋਗਤਾ : MA,B.Ed and Cosmetology (Beauitican ) ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੇ ਦੇ ਰਿਸ਼ਤੇ ਦੀ ਲੋੜ ਹੈ।ਜਾਤ ਪਾਤ ਦਾ ਕੋਈ ਬੰਧਨ ਨਹੀਂ। ਵਰਕ ਪਰਮਿਟ ਵਾਲੇ ਵੀ ਸੰਪਰਕ ਕਰ ਸਕਦੇ ਹਨ। ਲੜਕੀ ਦਾ ਸਾਰਾ ਪਰਿਵਾਰ ਕਨੇਡਾ ਅਤੇ ਯੂ ਐਸ ਏ ਸੈਟਲ ਹੈ ਸੰਪਰਕ:778 953 0024 ***294***3*

### ਲੜਕੀ ਦੀ ਲੋੜ

ਕੈਨੇਡੀਅਨ ਪੀ ਆਰ ਜੱਟ ਸਿੱਖ ਪਰਿਵਾਰ ਦੇ ਤਲਾਕਸ਼ੁਦਾ ( ਕੋਈ ਬੱਚਾ ਨਹੀਂ)ਲੜਕੇ ਉਮਰ 40 ਸਾਲ,ਕੱਦ 5 ਫੁੱਟ 11 ਇੰਚ, ਵਿਦਿਅਕ ਯੋਗਤਾ ਪਲੱਸ 2 ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ । ਸੰਪਰਕ: 587 703 5870 ਜਾਂ 587 889 4509 ***294***3*

### ਲੜਕੇ ਦੀ ਲੋੜ

ਜੱਟ ਸਿੱਖ ਸਿੱਧੂ ਪਰਿਵਾਰ ਦੀ ਸੋਹਣੀ ਸੁਨੱਖੀ ਲੜਕੀ,ਜਨਮ 1999,ਕੱਦ 5 ਫੁੱਟ 5 ਇੰਚ,Education background ABth ( Anees school Mohali.) Gcg college AA sector Chandigarh (B.A) Conestoga college Waterloo Canada (hospitality management and business management. ਲਈ ਕੈਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੇ ਦੇ ਰਿਸਤੇ ਦੀ ਲੋੜ ਹੈ । ਲੜਕੀ ਸਾਲ 2022 ਵਿੱਚ ਕੈਨੇਡਾ ਸਟੂਡੈਂਟ ਵੀਜ਼ਾ ਉੱਪਰ ਆਈ ਸੀ ਅਤੇ ਹੁਣ ਵਰਕ ਪਰਮਿਟ ਉੱਪਰ ਹੈ। ਲੜਕੀ ਦਾ ਪਿਤਾ ਸਰਕਾਰੀ ਬੈਂਕ ਮੈਨੇਜਰ ਰਿਟੈਰਿਡ ਹੈ । ਲੜਕੀ ਦਾ ਇੱਕ ਭਰਾ ਕੈਨੇਡੀਅਨ ਸਿਟੀਜ਼ਨ ਹੈ ਜੋ ਵਿਆਹਿਆ ਹੋਇਆ ਹੈ ਅਤੇ ਲੜਕੀ ਇਸ ਵੇਲੇ ਉਸ ਕੋਲ ਹੀ ਰਹਿ ਰਹੀ ਹੈ। WhatsApp ਸੰਪਰਕ: 91 98724 26732 ***299**k**

### ਲੜਕੀ ਦੀ ਲੋੜ

ਕੈਲਗਰੀ ਵਰਕ ਪਰਮਿਟ ਉੱਪਰ ਰਹਿੰਦੇ ਰਾਮਗੜੀਆ ਪਰਿਵਾਰ ਦੇ ਲੜਕੇ ਜਨਮ 1997 ਕੱਦ 5 ਫੁੱਟ 7 ਇੰਚ,ਆਟੋਮੋਟਿਵ ਟੈਕਨੀਸ਼ੀਅਨ,ਮਕੈਨੀਕਲ ਇੰਜੀਨੀਅਰਿੰਗ ਦੀ ਡਿਗਰੀ ਹੋਲਡਰ ਲਈ ਕੈਨੇਡੀਅਨ ਪੀ ਆਰ ਜਾਂ ਸਿਟੀਜ਼ਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ । ਕੋਈ ਜਾਤੀ ਬੰਦਨ ਨਹੀਂ । ਸੰਪਰਕ: ਵਟਸਐਪ 1 (647) 685-9457 ***292***3

### ਲੜਕੀ ਦੀ ਲੋੜ

ਕਨੇਡਾ ਵਰਕ ਪਰਮਿਟ ਉੱਪਰ, ਜੱਟ ਸਿੱਖ ਭੱਠਲ ਪਰਿਵਾਰ ਦੇ ਲੜਕੇ ਉਮਰ 31 ਸਾਲ, ਕੱਦ 5 ਫੁੱਟ 10 ਇੰਚ,ਵਿਦਿਅਕ ਯੋਗਤਾ: ਮਕੈਨੀਕਲ ਇੰਜੀਨੀਅਰਿੰਗ ਲਈ ਕਨੇਡੀਅਨ ਪੀ ਆਰ , ਸਿਟੀਜਨ ਜਾਂ ਵਰਕ ਪਰਮਿਟ ਵਾਲੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਪੰਜਾਬ ਦੇ ਲੁਧਿਆਣਾ ਜਿਲੇ ਨਾਲ ਸਬੰਧਿਤ ਲੜਕੇ ਕੋਲ ਆਪਣਾ ਘਰ ਹੈ ਅਤੇ ਕੈਲਗਰੀ ਵਿਖੇ ਕਾਰ ਮਕੈਨਿਕ ਦੀ ਜੌਬ ਕਰ ਰਿਹਾ ਹੈ। ਲੜਕੇ ਦੀ ਸਾਰੀ ਫੈਮਿਲੀ ਯੂ ਐਸ ਏ ਅਤੇ ਕਨੇਡਾ ਵਿੱਚ ਪੱਕੇ ਤੌਰ 'ਤੇ ਸੈੱਟਲ ਹੈ। ਸੰਪਰਕ: 1 825 733 6513 ਜਾਂ 1 778 551 8600, E mail: sbhathal52@gmail.com ***292***3

### ਲੜਕੇ ਦੀ ਲੋੜ

ਕਨੇਡੀਅਨ ਸਿਟੀਜਨ,ਜੱਟ ਸਿੱਖ ਗੋਤ ਮੇਸ ਪਰਿਵਾਰ ਦੀ ਲੜਕੀ ਉਮਰ 27 ਸਾਲ,ਕੱਦ 5 ਫੁੱਟ 3 ਇੰਚ, ਪਲੱਸ 2 ਲਈ ਵੈੱਲ ਸੈਟਲਡ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਫੋਨ: 1 825 431 3300 ਜਾਂ ਈ ਮੇਲ: Jmanjit61@gmail.com ***292***3

### ਲੜਕੀ ਦੀ ਲੋੜ

ਜੱਟ ਸਿੱਖ ਸਿੱਧੂ ਪਰਿਵਾਰ ਦੇ ਇੰਡੀਆ ਰਹਿੰਦੇ ਲੜਕੇ ਉਮਰ 31 ਸਾਲ ਕੱਦ 6 ਫੁੱਟ 1 ਇੰਚ ਆਈ ਟੀ ਆਈ ਪਲੰਬਿੰਗ ਡਿਪਲੋਮਾ ਹੋਲਡਰ ਲਈ ਕੈਨੇਡੀਅਨ ਪੀ ਆਰ ਜਾਂ ਸਿਟੀਜ਼ਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ । ਲੜਕੇ ਦਾ ਬਾਕੀ ਪਰਿਵਾਰ ਕੈਨੇਡਾ ਵੈਲ ਸੈਟਲਡ ਹੈ । ਸੰਪਰਕ:1778 710 0002 ***292***3

### ਲੜਕੇ ਦੀ ਲੋੜ

ਰਾਮਗੜ੍ਹੀਆ ਗੁਰਸਿੱਖ ਕਨੇਡੀਅਨ ਸਿਟੀਜ਼ਨ ਲੜਕੀ,ਜਨਮ 1996, ਕੱਦ 5 ਫੁੱਟ 4 ਇੰਚ,ਰਿਹਾਇਸ਼ ਕੈਲਗਰੀ (ਕਨੇਡਾ) ਲਈ ਚੰਗੇ ਸੈਟਲ ਪੜੇ ਲਿਖੇ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਲੜਕਾ ਕੈਲਗਰੀ ਨਿਵਾਸੀ ਹੋਵੇ । ਸੰਪਰਕ: +919814212395***291***

### ਲੜਕੀ ਦੀ ਲੋੜ

PR Canada handsome turbaned Veterinary Doctor Boy,1996/5' 7",BVSc & AH (Doctor of Veterinary Medicine), Looking for Canadian Citizen/PR Veterinary Doctor girl, Caste no bar, Kindly provide Bio data if interested, WhatsApp: +919781040140 ***291***

### ਲੜਕੇ ਦੀ ਲੋੜ

ਕਨੇਡੀਅਨ ਪੀ ਆਰ ਜੱਟ ਸਿੱਖ ਚਹਿਲ ਪਰਿਵਾਰ ਦੀ ਪਟਿਆਲਾ ਇਲਾਕੇ ਨਾਲ ਸਬੰਧਿਤ ਲੜਕੀ ਜਨਮ 1997,ਕੱਦ 5 ਫੁੱਟ 8 ਇੰਚ, ਵਿਦਿਅਕ ਯੋਗਤਾ: B.Tech in Computer Science – Thapar University, Patiala, MBA in Human Resources – Punjabi University, Patiala, PROFESSION: Working as a Senior Software Engineer with the Government of Alberta, earning a six-figure CAD annual income. Owns a house in Canada. Open to settle in India if the right match is found. Father: Retired Additional S.E., PSPCL, Mother: Retired Government School Teacher. Call: WhatsApp: 96460 47457 , Canada: 1 825 889 0220 ***292***

### ਲੜਕੀ ਦੀ ਲੋੜ

ਜੱਟ ਸਿੱਖ ਪਰਿਵਾਰ ਦੇ ਓਪਨ ਵਰਕ ਪਰਮਿਟ ਉੱਪਰ ਆਏ ਟਰੱਕ ਡਰਾਈਵਰ ਦੀ ਜੌਬ ਕਰਦੇ,ਲੜਕੇ ਉਮਰ 41 ਸਾਲ, ਕੱਦ 5 ਫੁੱਟ 11 ਇੰਚ, ਵਿਦਿਅਕ ਯੋਗਤਾ +2 ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਡਿਵੋਰਸ ਲੜਕੀ ਵੀ, ਚਾਹੇ ਬੱਚੇ ਵੀ ਹੋਣ, ਸੰਪਰਕ ਕਰ ਸਕਦੀ ਹੈ। ਸੰਪਰਕ: 587 837 2595 *** 299*Roop**

### ਲੜਕੀ ਦੀ ਲੋੜ

ਕਨੇਡੀਅਨ ਪੀ ਆਰ, ਜੱਟ ਸਿੱਖ ਭੰਗੂ ਪਰਿਵਾਰ ਦੇ ਲੜਕੇ ਜਨਮ 1998, ਕੱਦ 5 ਫੁੱਟ 11 ਇੰਚ, ਇੰਟਰਨੈਸ਼ਨਲ ਬਿਜਨਿਸ ਮੈਨੇਜਮੈਂਟ ਡਿਪਲੋਮਾ ਹੋਲਡਰ ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਦੇ ਦੋ ਛੋਟੇ ਭਰਾ ਵੀ ਕੈਨੇਡਾ ਹੀ ਹਨ। ਪਰਿਵਾਰ ਕੋਲ ਪੰਜਾਬ ਵਿੱਚ 14 ਏਕੜ ਜ਼ਮੀਨ ਹੈ । ਸੰਪਰਕ: 1 514 502 3782 ਜਾਂ ਇੰਡੀਆ: +91 9463409382***292 rao***

### ਲੜਕੀ ਦੀ ਲੋੜ

ਜੱਟ ਸਿੱਖ ਬੋਪਾਰਾਏ ਪਰਿਵਾਰ ਦੇ ਸੋਹਣੇ ਸੁਨੱਖੇ ਸਟੱਡੀ ਪਰਮਿਟ ਉੱਪਰ ਕੈਨੇਡਾ ਆਏ ਲੜਕੇ,ਜਨਮ 2000,ਕੱਦ 5 ਫੁੱਟ 10 ਇੰਚ, ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਦੇ ਰਿਸ਼ਤੇਦਾਰ ਪਰਿਵਾਰ ਕੈਨੇਡਾ ਵਿੱਚ ਪੱਕੇ ਤੌਰ ਤੇ ਸੈੱਟਲ ਹਨ ਜੋ ਕਿ ਲੜਕੇ ਨੂੰ ਸੈੱਟਲ ਹੋਣ ਵਿੱਚ ਆਰਥਿਕ ਮੱਦਦ ਕਰ ਸਕਦੇ ਹਨ। ਤਲਾਕਸ਼ੁਦਾ ਜਾਂ ਵਰਕ ਪਰਮਿਟ ਵਾਲੀ ਲੜਕੀ ਵੀ ਸੰਪਰਕ ਕਰ ਸਕਦੀ ਹੈ। ਸੰਪਰਕ: 1 587 227 6000 **te**un**je**

### ਲੜਕੀ ਦੀ ਲੋੜ

ਕਨੇਡਾ ਵਰਕ ਪਰਮਿਟ ਉੱਪਰ ਆਏ ਰਾਮਗੜੀਆ (ਸੰਧੂ) ਪਰਿਵਾਰ ਦੇ ਬਰਨਾਲਾ ਇਲਾਕੇ ਨਾਲ ਸਬੰਧਿਤ ਸੋਹਣੇ ਸੁਨੱਖੇ ਲੜਕੇ ਜਨਮ 2002, ਕੱਦ 6 ਫੁੱਟ, ਵਿਦਿਅਕ ਯੋਗਤਾ: ਪਲੱਸ 2 ਨਾਨ ਮੈਡੀਕਲ (ਚੰਡੀਗੜ੍ਹ) ਡਿਪਲੋਮਾਂ ਸੀ ਐੱਸ ਜਨਰਲ ਸਰੀ ਕੈਨੇਡਾ, ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 1 604 355 5931 ਜਾਂ 91 9804500031 *** ***

### ਲੜਕੇ ਦੀ ਲੋੜ

ਜੱਟ ਸਿੱਖ ਕੰਦੋਲਾ ਪਰਿਵਾਰ ਦੀ ਆਬੂਧਾਬੀ ਵਿਖੇ ਰਹਿੰਦੀ ਅਤੇ ਬੈਂਕ ਦੀ ਜੌਬ ਕਰਦੀ ਲੜਕੀ ਉਮਰ 35 ਸਾਲ, ਕੱਦ 5 ਫੁੱਟ 5 ਇੰਚ,ਵਿਦਿਅਕ ਯੋਗਤਾ : ਐਮ ਬੀ ਏ ਫਾਇਨੈਂਸ ਲਈ ਕਨੇਡੀਅਨ ਪੀ ਆਰ ਜਾਂ ਸਿਟੀਜ਼ਨ ਲੜਕੇ ਦੇ ਰਿਸ਼ਤੇ ਦੀ ਲੋੜ ਹੈ ।ਸੰਪਰਕ: 1587 228 0693, Email: arandhawa gmail.com ***291***

### ਲੜਕੀ ਦੀ ਲੋੜ

ਕਨੇਡੀਅਨ ਪੀ ਆਰ ਜੱਟ ਸਿੱਖ ਤੂਰ ਪਰਿਵਾਰ ਦੇ ਲੜਕੇ ਉਮਰ, ਉਮਰ 30 ਸਾਲ,ਕੱਦ 5ਫੁੱਟ 11 ਇੰਚ,ਵਿੱਦਿਅਕ ਯੋਗਤਾ ਬੀ ਏ, ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸ਼ਤ ਦੀ ਲੋੜ ਹੈ। ਜੋਆਇੰਟ ਫੈਮਿਲੀ ਵਾਲੇ ਰਿਸ਼ਤੇ ਨੂੰ ਪਹਿਲ । ਸੰਪਰਕ ਲਈ ਸਿਰਫ ਵਟਸਐਪ ਉੱਪਰ ਹੀ ਵਾਇਓਡਾਟਾ ਭੇਜਿਆ ਜਾਵੇ । ਵਟਸਐਪ: 403 680 0436 ******

### ਲੜਕੀ ਦੀ ਲੋੜ

ਕਨੇਡਾ ਸਟੂਡੈਂਟ/ਵਰਕ ਪਰਮਿਟ ਉੱਪਰ ਕਨੇਡਾ ਆਏ ਜੱਟ ਸਿੱਖ ਸਮਰਾ ਪਰਿਵਾਰ ਦੇ ਇਕਲੌਤੇ, ਸੋਹਣੇ ਸੁਨੱਖੇ ਲੜਕੇ ਉਮਰ 22 ਸਾਲ ਕੱਦ 5 ਫੁੱਟ 9 ਇੰਚ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਆਰਥਿਕ ਤੌਰ ਤੇ ਬਹੁਤ ਚੰਗੀ ਹਾਲਾਤ ਵਾਲੇ ਸਿਰੇ ਦੇ ਮਿਹਨਤੀ ਲੜਕੇ ਕੋਲ ਪੰਜਾਬ ਵਿੱਚ 20 ਏਕੜ ਜ਼ਮੀਨ, ਕੰਬਾਈਨ,ਟਰੈਕਟਰ, ਕਾਰੋਬਾਰੀ (ਆੜ੍ਹਤ)ਦਾ ਪਿਛੋਕੜ, ਪਿੰਡ ਵਿੱਚ ਵੱਡ ਅਕਾਰੀ ਕੋਠੀ, ਗੱਡੀ ਆਦਿ ਵਰਗੀਆਂ ਸਹੂਲਤਾਂ ਮੌਜੂਦ ਹਨ। ਲੜਕੇ ਦਾ ਤਾਇਆ ਅਤੇ ਬਾਕੀ ਪਰਿਵਾਰ ਕਨੇਡਾ ਪੱਕੇ ਤੌਰ ਤੇ ਸੈਟਲ ਹੈ।
ਸੰਪਰਕ (ਵਟਸਐਪ): 1 587 433 9400
ਅਤੇ 1 825 982 1700

### ਲੜਕੀ ਦੀ ਲੋੜ

ਕਨੇਡੀਅਨ ਬੌਰਨ,ਜੱਟ ਸਿੱਖ ਪਰਿਵਾਰ ਦੇ ਕੈਲਗਰੀ ਰਹਿੰਦੇ ਨਾਨ ਡਰਿੰਕਰ, ਲੜਕੇ ਉਮਰ 32 ਸਾਲ, ਕੱਦ 5 ਫੁੱਟ 10 ਇੰਚ, ਵਿਦਿਅਕ ਯੋਗਤਾ: ਕਨੇਡੀਅਨ ਯੂਨੀਵਰਿਸਟੀ ਤੋਂ ਬਿਜਨਿਸ ਐਡਮਨਿਸਟ੍ਰੇਸ਼ਨ ਬੈਚੂਲਰ ਡਿਗਰੀ, ਸਾਫਟਵੇਅਰ ਡਿਵੈਲਪਮੈਂਟ ਕੰਪਨੀ ਨਾਲ ਟੋਟਲ ਰੀਵਾਰਡਜ਼ ਮੈਨੇਜਰ ਦੀ ਜੌਬ ਕਰਦੇ ਲਈ ਹਾਣ ਪ੍ਰਵਾਣ ਦੀ ਯੋਗਤਾ ਵਾਲੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਦਾ ਆਪਣਾ ਈ ਕਾਮਰਸ ਬਿਜਨਿਸ ਵੀ ਹੈ। ਸੰਪਰਕ: 403 561 6016 ***-***

### ਲੜਕੀ ਦੀ ਲੋੜ

ਕਨੇਡੀਅਨ ਬੌਰਨ ਜੱਟ ਸਿੱਖ ਸੰਧੂ ਪਰਿਵਾਰ ਦੇ ਤਲਾਕਸ਼ੁਦਾ ਲੜਕੇ ਉਮਰ 43 ਸਾਲ, ਕੱਦ 5 ਫੁੱਟ 10 ਇੰਚ, ਲਈ ਹਾਣ ਪ੍ਰਵਾਣ ਦੀ ਉਮਰ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਵਰਕ ਪਰਮਿਟ ਵਾਲੀ ਜਾਂ ਬਿਨਾ ਬੱਚੇ ਤੋਂ ਤਲਾਕਸ਼ੁਦਾ ਵੀ ਸੰਪਰਕ ਕਰ ਸਕਦੀ ਹੈ। ਸੰਪਰਕ: 1 403 826 8245 *** ***

### ਲੜਕੇ ਦੀ ਲੋੜ

Jatt Sikh family seek a suitable match for their 5ft. 8inch / 32 years old daughter. She is an Engineering Graduate from Canadian University and working as a Professional Engineer (P. Eng.) within a reputed company. Boy should be born or raised in Canada. Seeking Canadian University Educated Doctor, Engineer, Lawyer, and Accountant. Contact: (403) 828 7973 or acheema8811@gmail.com. Only Jatt Sikh families contact. ***000***

### Name Change

I, GURDEEP SINGH, Son of MANJEET SINGH, holder of Indian passport No.B6486040, issued at VANCOUVER, on 20/11/2023, permanent resident of, VPO: RURKEE, PATTI KHERA, JALANDHAR, PIN: 144409 PUNJAB, INDIA presently residing, 239 COPPERPOND BAY SE, CALGARY(AB) T2Z0R3,CANADA.Do hereby change My name from GURDEEP SINGH to GURDEEP SINGH KOONER with immediate effect.
Date: 04/05/2026 Phone:1 403 903 2048


### Need Office Administrator

**We need Office administrator person for our Calgary Office. who speaks good English, must have driver license, good wages,we will give training also!**

**Contact : Kam Khamba @403-975-0128**



"ਪੰਜਾਬੀ ਅਖ਼ਬਾਰ" ਵਿੱਚ ਖਬਰਾਂ,ਕਾਰੋਬਾਰ ਵਿੱਚ ਵਾਧੇ ਲਈ ਵਿਓਪਾਰਕ ਐਡਵਰਟਾਈਜ਼ਮੈਂਟ,ਬੱਚਿਆਂ ਦੇ ਜਨਮ ਦਿਨ ਮੌਕੇ ਦੀਆਂ ਤਸਵੀਰਾਂ,ਵਿਆਹ ਦੀ ਵਰ੍ਹੇਗੰਢ, ਵਿਆਹ ਲਈ ਲੜਕੇ ਲੜਕੀ ਦੀ ਭਾਲ ਸਬੰਧੀ,ਵਰਕਰਾਂ ਦੀ ਲੋੜ, ਇੰਡੀਅਨ ਪਾਸਪੋਰਟ ਉੱਪਰ ਨਾਮ ਬਦਲੀ ਸਬੰਧੀ ਇਸਤਿਹਾਰ ਜਾਂ ਆਪਣੀਆਂ ਰਚਨਾਵਾਂ ਛਪਵਾਉਣ ਲਈ ਸੰਪਰਕ ਕਰੋ ।
Email: punjabiakhbaar@gmail.com
403 640 2000


## ਡਾ. ਕਲਾਰਾ ਏ.ਬੀ. ਜੋਜ਼.ਫ ਕੈਲਗਰੀ ਦੀ 'ਰਾਜ-ਕਵਿੱਤਰੀ' ਬਣੀ

ਕੈਲਗਰੀ(ਪੰਜਾਬੀ ਅਖ਼ਬਾਰ ਬਿਊਰੋ )28 ਅਪ੍ਰੈਲ ਨੂੰ ਕੈਲਗਰੀ ਸਿਟੀ ਹਾਲ ਦੇ ਕਾਉਂਸਲ ਚੈਂਬਰਾਂ ਵਿੱਚ ਡਾ. ਕਲਾਰਾ ਏ.ਬੀ. ਜੋਜ਼.ਫ ਨੂੰ ਦੋ ਸਾਲ (2026 - 2028) ਲਈ ਕੈਲਗਰੀ ਦੀ ਰਾਜ-ਕਵਿੱਤਰੀ (Poet Laureate) ਚੁਣ ਲਿਆ ਗਿਆ। ਕਲਾਰਾ ਯੂਨੀਵਰਸਿਟੀ ਆਫ ਕੈਲਗਰੀ ਵਿਖੇ ਅੰਗ੍ਰੇਜ਼ੀ ਦੀ ਪ੍ਰੋਫੈਸਰ ਅਤੇ ਇਨਾਮ-ਜੇਤੂ ਕਵਿੱਤਰੀ ਹੈ। ਉਸ ਦੇ ਤਿੰਨ ਕਾਵਿ-ਸੰਗ੍ਰਹਿ ਛਪ ਚੁੱਕੇ ਹਨ - ਦ ਫੇਸ ਆਫ ਦ ਅਦਰ, ਡੈਂਡੀਲਾਇਨਜ਼ ਫਾਰ ਭਾਭਾ ਅਤੇ ਐਮ/ ਅਦਰ (Face of the Other, Dandelions For Bhabha, M / Other)। ਉਹ ਭਾਰਤੀ ਥਾਮਸ ਈਸਾਈਆਂ ਦੇ ਇਤਿਹਾਸ ਅਤੇ ਮੱਤ ਬਾਰੇ ਦੋ ਪੁਸਤਕਾਂ ਦੀ ਲੇਖਿਕਾ ਵੀ ਹੈ। ਇਸ ਮੌਕੇ ਕੈਲਗਰੀ ਆਰਟਸ ਡਵੈਲਪਮੈਂਟ ਦੇ ਪ੍ਰਧਾਨ ਅਤੇ ਸੀ.ਈ.ਉ. ਪੈਟੀ ਪੌਨ ਨੇ ਕਿਹਾ ਕਿ ਰਾਜ-ਕਵੀ ਆਪਣੇ ਸ਼ਬਦਾਂ ਅਤੇ ਭਾਸ਼ਾ ਦੇ ਜ਼ੋਰ 'ਤੇ ਸਾਡੇ ਸ਼ਹਿਰ ਦੇ ਅਕਸ ਨੂੰ ਰੂਪਮਾਨ ਕਰਦੇ ਹਨ। ਕਲਾਰਾ ਦੋ ਸਾਲ ਲਈ ਸ਼ਹਿਰ ਦੇ ਕਲਾ-ਦੂਤ ਵੱਜੋਂ ਕੰਮ ਕਰੇਗੀ ਜਿਸ ਲਈ ਉਸ ਨੂੰ 10 ਹਜ਼ਾਰ ਡਾਲਰ ਪ੍ਰਤੀ ਸਾਲ ਮਾਣ-ਭੱਤਾ ਮਿਲੇਗਾ। ਆਪਣੀ ਇਸ ਜ਼ਿੰਮੇਵਾਰੀ ਤਹਿਤ ਕਲਾਰਾ ਲਾਇਬਰੇਰੀਆਂ, ਸਕੂਲਾਂ ਅਤੇ ਭਾਈਚਾਰਕ ਸੰਸਥਾਵਾਂ ਦੇ ਸਹਿਯੋਗ ਨਾਲ਼ ਕਾਵਿ ਨੂੰ ਲੋਕਾਂ ਤੱਕ ਪਹੁੰਚਾਉਣ ਦਾ ਉਪਰਾਲਾ ਕਰੇਗੀ। ਕਲਾਰਾ ਦਾ ਕਹਿਣਾ ਹੈ, "ਕਵਿਤਾ ਸੁਨਣ ਅਤੇ ਸਮਝਣ ਨਾਲ਼ ਸ਼ੁਰੂ ਹੁੰਦੀ ਹੈ । ਕੈਲਗਰੀ ਵਰਗੇ ਸ਼ਹਿਰ ਵਿੱਚ, ਜਿੱਥੇ ਵਿਭਿੰਨ ਇਤਿਹਾਸ, ਕਈ ਭਾਸ਼ਸਾਵਾਂ ਅਤੇ ਅਨੇਕਾਂ ਸਭਿਆਚਾਰ ਹਨ, ਉੱਥੇ ਮੇਰਾ ਰੋਲ ਇੱਕ ਦੂਜੇ ਨੂੰ ਬਹੁਤ ਧਿਆਨ ਨਾਲ ਨਜਿੱਠਣ ਵਾਲ਼ਾ ਹੈ। ਮੈਨੂੰ ਇਹ ਮੌਕਾ ਮਿਲਣ 'ਤੇ ਗੌਰਵ ਮਹਿਸੂਸ ਹੋ ਰਿਹਾ ਹੈ।"ਉਮੀਦ ਹੈ ਕਿ ਪੰਜਾਬੀ ਸਾਹਿਤ ਸਭਾਵਾਂ ਡਾ. ਕਲਾਰਾ ਨਾਲ਼ ਰਾਬਤਾ ਬਣਾ ਕੇ ਉਸ ਦੇ ਹੁਨਰ ਦਾ ਲਾਹਾ ਲੈਣਗੀਆਂ।



# ਕਲਮੀ ਸੱਥ

## ਮਾਂ

ਸਾਡੀਆਂ ਅੱਖਾਂ ਚ ਸੁਪਨੇ ਉਹ ਆਪਣੇ ਸਜਾਉਂਦੀ
ਮਾਂ ਬਣ ਕੇ ਉਹ ਸਾਡਾ ਜੀਵਨ ਰੁਸ਼ਨਾਉਦੀ

ਯਾਦ ਹੈ ਕਦੇ ਆਪਣੇ ਲਈ ਸਜਾਏ ਸੀ ਤੂੰ ਅਣਗਿਣਤ ਖ਼ਾਬ
ਸਭ ਲੈ ਗਿਆ ਆਪਣੇ ਨਾਲ ਉਹ ਜ਼ਿੰਮੇਵਾਰੀਆਂ ਦਾ ਸੈਲਾਬ

ਸੁੱਖਾਂ ਸੁੱਖ ਸਾਡੇ ਲਈ ਬਸ ਸਾਡੀ ਹੀ ਹੋ ਗਈ
ਤੇਰੀ ਸੋਚਾਂ ਦੀ ਸੂਈ ਸਾਡੇ ਤੇ ਹੀ ਖਲੋ ਗਈ

ਅੱਜ ਬੈਠ ਮੇਰੇ ਕੋਲ ਮੇਰੀ ਵੀ ਇੱਕ ਰੀਝ ਸੁਣ
ਰੁਕ ਜਾ ਜ਼ਰਾ ਤੇ ਕੁੱਝ ਖੁਸ਼ੀਆਂ ਆਪਣੇ ਲਈ ਵੀ ਚੁਣ

ਜ਼ਿੰਦਗੀ ਦੇ ਕੁੱਝ ਪਲ ਸਿਰਫ ਬਿਤਾ ਆਪਣੇ ਨਾਲ
ਕਰ ਜੋ ਵੀ ਮੰਨ ਚ ਤੇਰੇ ਨਾ ਰੱਖ ਕੋਈ ਮਲਾਲ

ਕਿਉਂ ਹਮੇਸ਼ਾ ਸਿਰਫ ਸਾਡੇ ਲਈ ਜੀ ਜਿਓਂਦੀ ਏ
ਸੱਚ ਕਿਹਾ ਦੀਪ ਰੱਬ ਦੀ ਮੂਰਤ ਮਾਂ ਵਿੱਚ ਹੀ ਨਜ਼ਰ ਆਉਂਦੀ ਏ

**ਪ੍ਰਿੰਸੀਪਲ ਚਰਨਦੀਪ ਕੌਰ**
**ਕੈਲਗਰੀ** +14033614707

### ਮਦਰਜ਼ ਡੇ' ਤੇ ਦੁਨੀਆਂ ਦੀਆਂ ਤਮਾਮ ਮਾਵਾਂ ਨੂੰ ਸਮਰਪਿਤ

## ਮਾਂ ਮੇਰੀ ਦਾ ਏਡਾ ਜੇਰਾ



ਮਾਂ ਮੇਰੀ ਦਾ ਏਡਾ ਜੇਰਾ, ਮੈਨੂੰ ਕੁੱਝ ਸਮਝਾਉਂਦਾ ਨੀ।
ਰੁੱਖਾਂ ਜਿਹੀ ਜੀਰਾਂਦ ਦਾ ਜੀਣਾ, ਮੈਨੂੰ ਆਖ ਸੁਣਾਉਂਦਾ ਨੀ।
ਪਰਬਤ ਵਰਗਾ ਜੇਰਾ ਮਾਂ ਦਾ, ਜ਼ਖ਼ਮ ਅਸਾਡੇ ਸੀਂ ਲੈਂਦੀ।
ਆਪਣੇ ਗ਼ਮ ਨੂੰ ਅੰਦਰੇ ਸਾਂਭੇ, ਸਾਡੇ ਗ਼ਮ ਨੂੰ ਪੀ ਲੈਂਦੀ।
ਕੋਈ ਨਾ ਸਾਡੇ ਅੱਥਰੂ ਪੂੰਝੇ, ਕੋਈ ਨਾ ਹੋਰ ਵਰਾਉਂਦਾ ਨੀ
ਮਾਂ ਮੇਰੀ...........
ਉਹਦੇ ਬੋਲਾਂ ਦੇ ਵਿੱਚ ਮਿਸ਼ਰੀ, ਕਦੇ ਨਾ ਕੌੜਾ ਬੋਲੇ ਨੀ।
ਜਣੇ ਖਣੇ ਦੇ ਕੋਲ ਕਦੇ ਨਾ, ਦਿੱਲ ਦੀ ਘੁੰਡੀ ਖੋਲ੍ਹੇ ਨੀ।
ਜ਼ਿੰਦਗੀ ਦਾ ਹਰ ਪਲ ਹੀ ਉਹਦਾ, ਸਤਿ ਸੰਤੋਖ ਸਿਖਾਉਂਦਾ ਨੀ।
ਮਾਂ ਮੇਰੀ..........
ਦੁੱਖਾਂ ਵਾਲੇ ਸਮੇਂ ਬਥੇਰੇ, ਸਿਰ ਉਹਦੇ ਤੋਂ ਲੰਘੇ ਨੀ।
ਭਲਾ ਬੁਰਾ ਨਾ ਕਿਸੇ ਨੂੰ ਆਖੇ, ਖ਼ੈਰਾਂ ਸਭ ਦੀਆਂ ਮੰਗੇ ਨੀ।
'ਨਾ ਕੋ ਵੈਰੀ ਨਾਹੀ ਬੇਗਾਨਾ', ਏਹੀ ਪਾਠ ਪੜ੍ਹਾਉਂਦਾ ਨੀ
ਮਾਂ ਮੇਰੀ
ਮਾਂ ਤਾਂ ਸੰਘਣੀ ਛਾਂ ਦਾ ਰੁੱਖੜਾ, ਦੇਵੇ ਠੰਢੀਆਂ ਛਾਵਾਂ ਨੀ।
ਬਿਨ ਮੰਗੇ ਹੀ ਸਭ ਨੂੰ ਦੇਵੇ, ਸੱਚੇ ਦਿਲੋਂ ਦੁਆਵਾਂ ਨੀ।
ਦਰੀਆਂ, ਖੇਸ ਤੇ ਸਾਲੂ ਦਾ ਫੁੱਲ, ਉਹਦੀ ਯਾਦ ਕਰਾਉਂਦਾ ਨੀ।
ਮਾਂ ਮੇਰੀ
ਪਿੰਡ ਆਪਣੇ ਦੇ ਵਿੱਚ ਉਸ ਤਾਂ, ਇੱਜ਼ਤ ਬੜੀ ਕਮਾਈ ਨੀ।
ਅੱਜ ਉਹਦੀ ਫੁਲਵਾੜੀ ਉੱਤੇ, ਮਿਹਨਤ ਰੰਗ ਲਿਆਈ ਨੀ।
ਸ਼ੀਸ਼ੇ ਵਰਗੇ ਨਿਰਮਲ ਮਨ ਦਾ, 'ਦੀਸ਼' ਨੂੰ ਮੋਹ ਸਤਾਉਂਦਾ ਨੀ।
ਮਾਂ ਮੇਰੀ........

**ਗੁਰਦੀਸ਼ ਕੌਰ ਗਰੇਵਾਲ- ਕੈਲਗਰੀ**
ਸੰਪਰਕ : +1 403 404 1450

## ਖ਼ੂਬਸੂਰਤ ਔਰਤਾਂ

ਕਿੰਨੀਆਂ ਖ਼ੂਬਸੂਰਤ ਹੁੰਦੀਆਂ
ਉਹ ਔਰਤਾਂ

ਜਿੰਨਾ ਦੇ ਮੱਥੇ ਵਿੱਚ
ਬਿੰਦੀ ਦੀ ਥਾਂ ਕੋਈ ਟੀਚਾ ਹੁੰਦਾ ।

ਮਾਂਗ ਚ ਸਿੰਧੂਰ ਦੀ ਥਾਂ
ਨਵੇ ਖਿਆਲ ਨਿਵੇਕਲੀ ਸੋਚ
ਦਾ ਪਲੰਦਾ ਹੁੰਦਾ।

ਅੱਖ ਵਿੱਚ ਸੁਰਮੇ ਦੀ ਥਾਂ
ਉੱਚੇ ਉੱਚੇ ਸੁਪਨੇ
ਤੇ ਮਿਹਨਤੀ ਹੱਥ
ਮਹਿੰਦੀ ਚੂੜੀਆਂ ਤੋਂ
ਮੁਕਤ ਆਪਣੇ
ਕੰਮਾਂ ਨੂੰ ਸਮਰਪਿਤ ਹੁੰਦੇ ।

ਮੈਨੂੰ ਬੇਪਨਾਹ ਮਹੁੱਬਤ ਹੈ
ਇਹਨਾਂ ਨਾਲ
ਮੈਨੂੰ ਮਾਣ ਹੈ ਅਜਿਹੀਆਂ
ਖ਼ੂਬਸੂਰਤ ਔਰਤਾਂ ਤੇ ॥

**ਲੇਖਿਕਾ-ਪਵਿੱਤਰ ਕੌਰ**
**(ਮਾਟੀ ਬਰਾੜ) ਅਮਰੀਕਾ**

## ਕਵਿਤਾ

ਆਹ ਜਾਗਰਾ ਬਹਿ ਜਾਗਰਾ,
ਸੁਣ ਤੇ ਦਿਲ ਦੀ ਕਹਿ ਜਾਗਰਾ,
ਕਿਓਂ ਆਓਂਦਾ ਨਹੀਂ ਸੱਥ ਨੇੜੇ,
ਖੈਰ ਸੁੱਖ ਆ ਹੋਰ ਗਲੀ ਵਿਹੜੇ,
ਹਾਂ ਨਾਥਿਆ ਬੈਠ ਫਿਰ ਸੁਣਾਵਾਂ,
ਮੇਰੇ ਵੱਲੋਂ ਮੋੜੀਆਂ ਖੁਸ਼ੀਆਂ ਨੇ ਰਾਹਵਾਂ,
ਵੱਸਦੇ ਘਰ ਮੇਰੇ ਵਿੱਚ ਉਜਾੜ ਪਿਆ,
ਹੁਣ ਹਸਦੇ ਘਰ ਚ ਪਾੜ ਪਿਆ,
ਪੁੱਤ ਨਸ਼ੇੜੀ ਨਿੱਤ ਕੁੱਟੇ ਮਾਰੇ,,
ਅੱਧੀ ਰਾਤ ਨੂੰ ਘਰੋਂ ਕੱਢੇ ਬਾਹਰੇ,
ਮਾਂ ਆਪਣੀ ਦੇ ਗਹਿਣੇ ਵੇਚ ਕੇ,
ਚੁੱਕੇ ਨਾ ਕਦਮ ਸੋਚ ਤੇ ਵੇਖ ਕੇ,
ਨੂੰਹ ਮੇਰੀ ਦੀ ਵੀ ਰੁਲੀ ਜਵਾਨੀ,
ਮੱਛੀ ਵਾਂਗ ਤੜਫੇ ਧੀ ਬੇਗਾਨੀ,,
ਸਾਡੀ ਤਾਂ ਜਿੰਦਗੀ ਖਾਸ਼ ਨਹੀਂ,,
ਹੁਣ ਹੋਰ ਬਚਣ ਦੀ ਆਸ ਨਹੀਂ,
ਨਾਥਿਆ ਕਿਓਂ ਪਰੇ ਮੂੰਹ ਕਰਿਆ,
ਬੋਲ ਕਿਓਂ ਤੇਰਾ ਮਨ ਭਰਿਆ,
ਮੈਂ ਸੋਚਿਆ ਜਾਗਰਾ ਲੋਕ ਸੌਖਾਲੇ,
ਮੇਰੇ ਵੀ ਹਾਲ ਬਸ ਤੇਰੇ ਵਾਲੇ,
ਕੱਚਾ ਘੜਾ ਹੁਣ ਇਹ ਖੁਰ ਜਾਣਾ,
ਪਿੰਡ ਸ਼ੇਰੋਂ ਚੋਂ ਜਲਦੀ ਤੁਰ ਜਾਣਾ,,

**ਮੱਖਣ ਸ਼ੇਰੋਂ ਵਾਲਾ**

## ਅਸੀਂ ਵੀ ਕਨੇਡਾ ਜ਼ਰੂਰ ਆਵਾਂਗੇ

**Sunny Dhaliwal**
**Edmonton** 1 204 979 6757

ਅਸੀਂ ਵੀ ਕਨੇਡਾ ਜ਼ਰੂਰ ਆਵਾਂਗੇ
ਜੇ ਸਿੱਧੇ ਤਰੀਕੇ ਨਾਲ ਗੱਲ ਨਾ ਬਣੀ ਤਾਂ
ਕੋਈ ਪੁੱਠਾ ਤਰੀਕਾ ਅਪਣਾਵਾਂਗੇ

ਜੇ IELTS ਪਾਸ ਨਾ ਹੋਇਆ ਤਾਂ
ਪੈਸੇ ਦੇ ਜ਼ੋਰ ਨਾਲ ਲੋੜਵੰਦ ਦੀ ਗਰੀਬੀ ਦਾ
ਨਾਜਾਇਜ਼ ਫ਼ਾਇਦਾ ਉਠਾਵਾਂਗੇ
ਕੋਈ ਮੇਲ, ਕੋਈ ਕੰਪੈਟੀਬਿਲਿਟੀ ਨਾ ਵੀ ਹੋਈ
ਤਾਂ ਵੀ ਵਿਆਹ ਕਰਵਾ ਕੇ
ਅਸੀਂ ਵੀ ਕਨੇਡਾ ਜ਼ਰੂਰ ਆਵਾਂਗੇ

ਜੇ ਫਿਰ ਵੀ ਕੰਮ ਨਾ ਬਣਿਆ ਤਾਂ
ਕਿਸੇ ਦਾ ਕਬੂਤਰ, ਚਿੜੀ, ਘੁੱਗੀ ਜਾਂ ਕਾਂ ਬਣ ਕੇ
ਅਸੀਂ ਵੀ ਕਨੇਡਾ ਜ਼ਰੂਰ ਆਵਾਂਗੇ

ਜੇ ਫਿਰ ਵੀ ਕੰਮ ਨਾ ਬਣਿਆ ਤਾਂ
ਕਿਸੇ 'ਪ੍ਰਧਾਨ' ਦੀ ਜੇਬ ਵਿੱਚ
'ਪੱਚੀ ਲੱਖ' ਪਾ ਕੇ
ਗ੍ਰੰਥੀ, ਢਾਡੀ, ਪੁਜਾਰੀ ਬਣ ਕੇ
ਅਸੀਂ ਵੀ ਕਨੇਡਾ ਜ਼ਰੂਰ ਆਵਾਂਗੇ

ਜੇ ਫਿਰ ਵੀ ਕੰਮ ਨਾ ਬਣਿਆ ਤਾਂ
ਕਬੱਡੀ ਖਿਡਾਰੀਆਂ ਨਾਲ ਰਲ਼ ਕੇ
ਕੌਡੀ-ਕੌਡੀ ਕਰਦੇ ਬਾਰਡਰ ਲੰਘ ਆਵਾਂਗੇ
ਅਸੀਂ ਵੀ ਕਨੇਡਾ ਜ਼ਰੂਰ ਆਵਾਂਗੇ

ਜੇ ਫਿਰ ਵੀ ਕੰਮ ਨਾ ਬਣਿਆ ਤਾਂ
ਕਿਸੇ ਦੁੱਕੀ ਦੇ ਸਿੰਗਰ ਦੀ
ਢੋਲਕੀ ਫੜ ਕੇ ਲੰਘ ਆਵਾਂਗੇ
ਤੂੰ ਦੇਖੀਂ ਜਾਵੀਂ
ਅਸੀਂ ਵੀ ਕਨੇਡਾ ਜ਼ਰੂਰ ਆਵਾਂਗੇ

ਜੇ ਫਿਰ ਵੀ ਕੰਮ ਨਾ ਬਣਿਆ ਤਾਂ
'ਪੰਜਾਹ ਹਜ਼ਾਰ ਡਾਲਰ' ਦਾ
ਵਰਕ ਪਰਮਿਟ ਖ਼ਰੀਦ ਕੇ ਲੰਘ ਆਵਾਂਗੇ
ਤੂੰ ਦੇਖੀਂ ਜਾਵੀਂ
ਅਸੀਂ ਵੀ ਕਨੇਡਾ ਜ਼ਰੂਰ ਆਵਾਂਗੇ

ਕਨੇਡਾ ਆ ਕੇ ਮਨ ਆਈਆਂ ਕਰਾਂਗੇ
ਗੰਦ ਪਾਵਾਂਗੇ
ਮੋੜਾਂ 'ਤੇ ਖੜ੍ਹ ਕੇ
ਕਨੇਡੀਅਨ-ਪੰਜਾਬੀ ਕੁੜੀਆਂ ਨੂੰ
'ਟੋਟਾ ਜਾਂ ਪੁਰਜ਼ਾ' ਕਹਿ ਕੇ ਬੁਲਾਵਾਂਗੇ
ਘਰ ਤੱਕ ਛੱਡ ਕੇ ਵੀ ਆਵਾਂਗੇ



ਮਾਪਿਆ ਦੇ ਨਾਸੀਂ ਧੂੰਆਂ ਲਿਆਵਾਂਗੇ
ਤੂੰ ਦੇਖੀਂ ਜਾਵੀਂ
ਅਸੀਂ ਵੀ ਕਨੇਡਾ ਜ਼ਰੂਰ ਆਵਾਂਗੇ

ਚੋਰੀ ਕੀਤੀਆਂ ਮਹਿੰਗੀਆਂ ਮਹਿੰਗੀਆਂ ਕਾਰਾਂ
ਤੇਜ਼-ਤੇਜ਼ ਭਜਾਵਾਂਗੇ
ਜੇ ਪੁਲਿਸ ਰੋਕੂ, ਤਾਂ ਮਿਡਲ ਉਂਗਲ ਦਿਖਾ ਕੇ
ਕਾਰ ਭਜਾ ਕੇ ਲੈ ਜਾਵਾਂਗੇ
ਚੱਪਲਾਂ ਪਾ ਕੇ ਸੈਮੀ -ਟਰੱਕ ਚਲਾਵਾਂਗੇ
ਅਮਰੀਕਾ ਨੂੰ ਇੱਕ- ਦੋ ਡਰੱਗ ਦੇ ਫੇਰੇ ਵੀ ਲਾਵਾਂਗੇ
ਘਟੀਆ, ਨਸ਼ੇੜੀ ਸਿੰਗਰਾਂ ਦੇ
ਇੱਕ- ਦੋ ਸ਼ੋਅ ਵੀ ਕਰਵਾਵਾਂਗੇ
ਤੂੰ ਦੇਖੀਂ ਜਾਵੀਂ
ਅਸੀਂ ਵੀ ਕਨੇਡਾ ਜ਼ਰੂਰ ਆਵਾਂਗੇ

ਅੰਮ੍ਰਿਤਸਰ ਲਾਰੈਂਸ ਰੋਡ ਵਾਲੀ ਬਦਮਾਸ਼ੀ ਨੂੰ
ਬਰੈਂਪਟਨ ਤੇ ਸਰੀ ਦੀਆਂ ਸੜਕਾਂ 'ਤੇ ਲਿਆਵਾਂਗੇ
ਜੋ ਮਰਜ਼ੀ ਹੋ ਜਾਵੇ
ਕਨੇਡੀਅਨ-ਪੰਜਾਬੀ ਕੁੜੀਆਂ ਦਾ
ਘਰੋਂ ਨਿਕਲਣਾ ਦੁੱਭਰ ਕਰ ਦਿਖਾਵਾਂਗੇ
ਅਸੀਂ ਆਪਣਾ ਲੋਹਾ ਮਨਵਾਵਾਂਗੇ
ਅਸੀਂ ਵੀ ਕਨੇਡਾ ਆਵਾਂਗੇ

ਜਦੋਂ ਹੁਕਮ ਹੋਇਆ
ਜ਼ਬਰਦਸਤੀ ਪੈਸਾ ਵੀ ਵਸੂਲਾਗੇ
ਪੈਸੇ ਨਾਂ ਮਿਲਣ ਤੇ ਗੋਲੀਆਂ ਦਾ ਮੀਂਹ ਵਰਾਵਾਂਗੇ
ਲੋਕਾਂ ਨੂੰ ਸੁਪਨਿਆਂ ਵਿੱਚ ਵੀ ਡਰਾਵਾਂਗੇ
ਅਸੀਂ ਵੀ ਕਨੇਡਾ ਜ਼ਰੂਰ ਆਵਾਂਗੇ

ਬੱਸਾਂ, ਸਕਾਈ-ਟਰੇਨਾਂ ਵਿੱਚ ਖਰੂਦ ਪਾਵਾਂਗੇ
ਚੀਕੂ-ਚੀਕੂ ਕਰਦੀਆਂ ਜੁੱਤੀਆਂ ਪਾ ਕੇ
ਪਬਲਿਕ ਲਾਇਬ੍ਰੇਰੀਆਂ ਵਿੱਚ ਜਾਵਾਂਗੇ
ਸਿਰ 'ਤੇ ਫਾਂਟਾਂ ਵਾਲਾ ਦੁੱਪਟਾ ਬੰਨ ਕੇ, ਤੇੜ ਕੁੜਤਾ ਪੰਜਾਮਾ ਪਾ ਕੇ,
3© ਟਾਵਰ ਤੇ ਚੜ੍ਹ ਜਾਵਾਂਗੇ
ਹਰ ਇੱਕ ਦਾ ਧਿਆਨ ਆਪਣੇ ਵੱਲ ਖਿੱਚਾਂਗੇ
ਤੂੰ ਦੇਖੀਂ ਜਾਵੀਂ
ਅਸੀਂ ਵੀ ਕਨੇਡਾ ਜ਼ਰੂਰ ਆਵਾਂਗੇ

ਹਰ ਮੋੜ 'ਤੇ, ਬੀਚ 'ਤੇ, ਸੜਕ 'ਤੇ,
ਟਿੰਮ-ਹੋਰਟਨ ਦੀ ਪਾਰਕਿੰਗ ਲੌਟ ਵਿੱਚ
ਭੰਗੜੇ ਪਾਵਾਂਗੇ
ਕਨੇਡੀਅਨ ਲੋਕਾਂ ਦੀ ਲਾਈਫ਼ ਨੂੰ
ਨਰਕ ਬਣਾਵਾਂਗੇ
ਜੇ ਪੁਲੀਸ ਆਫੀਸਰ ਟਿਕਟ ਦੇਊ
ਤਾਂ ਪਾੜ ਕੇ ਉਸ ਦੇ ਮੂੰਹ 'ਤੇ ਸੁੱਟ ਆਵਾਂਗੇ
ਤੂੰ ਦੇਖੀਂ ਜਾਵੀਂ
ਅਸੀਂ ਕਨੇਡਾ ਜ਼ਰੂਰ ਆਵਾਂਗੇ

ਜਿਹੜਾ ਤਾਏ, ਤਾਈਆਂ, ਮਾਮੇ, ਮਾਮੀਆਂ
ਕਨੇਡਾ ਵਿੱਚ ਮਿਹਨਤ ਕਰਕੇ
ਜਿੱਤਿਆ ਆਦਰ ਮਾਨ
ਉਸਨੂੰ ਮਿੱਟੀ ਵਿੱਚ ਮਲ਼ਾਵਾਂਗੇ

ਮਾਂ-ਪਿਉ ਦਾ ਹੇਰਾ-ਫੇਰੀ,
ਚੋਰ ਬਜ਼ਾਰੀ ਨਾਲ ਇਕੱਠਾ ਕੀਤਾ ਕਾਲਾ ਧਨ
ਕਨੇਡਾ ਲਿਆ ਕੇ
ਸੱਜਰੀ ਸਨੋਅ ਵਰਗਾ ਚਿੱਟਾ ਕਰਵਾਵਾਂਗੇ
ਫਿਰ ਉਸ ਚਿੱਟੇ ਹੋਏ ਡਾਲਰਾਂ ਦੇ ਸਿਰ 'ਤੇ
ਲੁੱਡੀਆਂ ਪਾਵਾਂਗੇ
ਕਨੇਡਾ ਨੂੰ ਦੂਜਾ ਪੰਜਾਬ ਬਣਾਵਾਂਗੇ
ਕਾਰਾਂ ਦੀਆ ਪਲੇਟਾਂ 'ਤੇ,
ਇਫ ਜੂੰ, ਬਿੱਚ, ਕੁਤੀੜ੍ਹ, ਕੁੱਤੀ, ਚਾਲੂ, ਨਸ਼ੇੜੀ ,
ਡਾਕੂ, ਡਰੱਗੀ, ਬਦਮਾਸ਼ ਆਦਿ ਲਿਖਵਾਵਾਂਗੇ
ਭਾਵੇਂ ਸਾਡੀ ਗਿਣਤੀ 'ਆਟੇ ਵਿੱਚ ਲੂਣ' ਬਰਾਬਰ ਹੈਂ
ਪਰ ਗੰਦ ਪੂਰਾ ਪਾਵਾਂਗੇ
ਭਾਵੇ ਸੰਨੀ ਡੇਅ ਹੋਵੇ ਜਾਂ ਬੱਦਲਵਾਈ
ਅਸੀਂ ਵੀ ਕਨੇਡਾ ਜ਼ਰੂਰ ਆਵਾਂਗੇ
ਤੂੰ ਦੇਖੀਂ ਜਾਵੀਂ
ਅਸੀਂ ਵੀ ਕਨੇਡਾ ਜ਼ਰੂਰ ਆਵਾਂਗੇ




# ਆਪਣਾ ਪੰਜਾਬ ਹੋਵੇ ਆਲਾ ਮੱਖਣ ਬਰਾੜ




ਉਂਗਲਾ ਦੇ ਪੋਟਿਆਂ ਤੇ ਗਿਣੇ ਜਾਣ ਵਾਲੇ ਸਿਰਫ ਪੰਜ ਚਾਰ ਈ ਪੰਜਾਬ ਦੇ ਗੀਤਕਾਰ ਹਨ ਜਿਨ੍ਹਾਂ ਦੇ ਗੀਤ ਗੁਰਦਾਸ ਮਾਨ ਨੇ ਗਾਏ ਹਨ। ਜਿਨ੍ਹਾਂ ਵਿੱਚ ਦਵਿੰਦਰ ਖੰਨੇ ਵਾਲਾ,ਸੰਜੀਵ ਆਨੰਦ, ਮੱਖਣ ਬਰਾੜ,ਬਾਬੂ ਸਿੰਘ ਮਾਨ,ਅਤੇ ਜਸਵੀਰ ਗੁਣਾਚੌਰੀਆ ਦੇ ਨਾਂ ਸਾਮਿਲ ਹਨ । 1996 ਵਿੱਚ ਗੁਰਦਾਸ ਮਾਨ ਦੀ ਕੈਸਿਟ ਆਈ "ਯਾਰ ਮੇਰਾ ਪਿਆਰ" ਉਸ ਐਲਬਮ ਵਿੱਚ ਸਭ ਤੋਂ ਪਹਿਲਾ ਜੋ ਗੀਤ ਸ਼ਾਮਿਲ ਕੀਤਾ ਗਿਆ ਸੀ ਉਸਦੇ ਬੋਲ ਸਨ:

ਆਪਣਾ ਪੰਜਾਬ ਹੋਵੇ,
ਘਰ ਦੀ ਸ਼ਰਾਬ ਹੋਵੇ
ਮੂਲੀ ਨਾਲ ਗੰਢਾ ਹੋਵੇ,
ਬਾਣ ਵਾਲਾ ਮੰਜਾ ਹੋਵੇ
ਮੰਜੇ ਉੱਤੇ ਬੈਠਾ ਜੱਟ ਬਣਿਆ ਨਵਾਬ ਹੋਵੇ
ਆਪਣਾ ਪੰਜਾਬ ਹੋਵੇ ——
ਤਾਰਿਆਂ ਦੀ ਰਾਤ ਵਿੱਚ
ਚੰਦ ਮਾਮਾ ਹੱਸੀ ਜਾਵੇ
ਅੱਧ ਸੁੱਤੇ ਦੀਆਂ ਲੱਤਾਂ,
ਚੂੜੇ ਵਾਲੀ ਨੱਪੀ ਜਾਵੇ
ਮੱਖਣ ਬਰਾੜਾ ਖੁੱਲ੍ਹੀ ਪਿਆਰ ਦੀ ਕਿਤਾਬ ਹੋਵੇ

ਆਪਣਾ ਪੰਜਾਬ ਹੋਵੇ

ਇਸ ਗੀਤ ਵਿੱਚ ਪਹਿਲੀ ਵਾਰ ਗੁਰਦਾਸ ਮਾਨ ਦੇ ਮੂੰਹੋਂ ਮੱਖਣ ਬਰਾੜ ਦਾ ਨਾਮ ਸੁਣਿਆਂ ਸੀ। ਗੀਤ ਸੁਣਕੇ ਇੰਝ ਜਾਪਦਾ ਸੀ ਕਿ ਗੀਤਕਾਰ ਦੇ ਅੰਦਰ ਭੂ ਹੇਰਵਾ ਐ। ਆਪਣੇ ਪਿੰਡ ਤੋਂ ਦੂਰ ਬੈਠਾ ਪਿੰਡ ਦੇ ਸੁਪਨੇ ਵੇਂਹਦਾ ਐ।

ਸੁਆਲ ਪੈਦਾ ਹੋਇਆ ਕਿ ਕੌਣ ਐ ਇਹ ਮੱਖਣ ਬਰਾੜ ਪਤਾ ਕੀਤਾ। ਮੋਗੇ ਜਿਲ੍ਹੇ ਦੇ ਪਿੰਡ ਮੱਲਕੇ ਦਾ ਜੰਮਪਲ ਮੱਖਣ ਬਰਾੜ, ਜਿਸਦਾ ਜਨਮ ਦਸੰਬਰ 1949 ਨੂੰ ਹੋਇਆ। ਮੈਟ੍ਰਿਕ ਤੱਕ ਦੀ ਪੜ੍ਹਾਈ ਕਰਨ ਉਪਰੰਤ ਮਾਰਕਫੈਂਡ ਵਿੱਚ ਸੇਵਾ ਨਿਭਾਉਣ ਲੱਗਾ। 1981 ਵਿੱਚ ਕੈਨੇਡਾ ਚਲਾ ਗਿਆ। ਮੱਖਣ ਨਾਲ ਮੇਰੀ ਪਹਿਲੀ ਵਾਰ ਮੁਲਾਕਾਤ 2004 ਵਿੱਚ ਮੇਰੀ ਪਹਿਲੀ ਕੈਨੇਡਾ ਫੇਰੀ ਵੇਲੇ ਟੋਰਾਂਟੋ ਵਿੱਚ ਹੋਈ। ਫੇਰ ਜਾਕੇ ਸਪੱਸ਼ਟ ਹੋਇਆ ਕਿ ਜਨਮ ਭੋਇੰ ਤੋਂ ਦੂਰੀ ਬੰਦੇ ਨੂੰ ਸ਼ਾਇਰ ਬਣਾ ਦਿੰਦੀ ਐ। ਫੇਰ ਮੱਖਣ ਬਰਾੜ ਦੇ ਗੀਤ ਕੋਕਰੀ ਵਾਲੇ ਲੋਕ ਗਾਇਕ ਗਿੱਲ ਹਰਦੀਪ ਦੀ ਆਵਾਜ਼ ਵਿੱਚ ਆਇਆ ਤਾਂ ਭੂ ਹੇਰਵੇ ਆਲੀ ਗੱਲ ਉੱਪਰ ਮੋਹਰ ਲੱਗ ਗਈ।

ਸੁੱਖੀ ਵਸੇ ਕਸ਼ਮੀਰ,
ਮੁੱਕੇ ਰੇੜਕਾ ਪਿਸ਼ੌਰ ਦਾ
ਕਰੀਂ ਰੱਬਾ ਮੇਲ ਕਿਤੇ ਦਿੱਲੀ ਤੇ ਲਾਹੌਰ ਦਾ
ਵੀਜੇ ਦੀ ਨਾ ਲੋੜ ਪਵੇ,
ਕਿਸੇ ਇਨਸਾਨ ਨੂੰ
ਮੱਖਣ ਬਰਾੜ ਲੋਚੇ,
ਪੰਜਾ ਸਾਹਿਬ ਜਾਣ ਨੂੰ
ਵੱਸਦੈ ਕੈਨੇਡਾ,
ਪਿੰਡ ਮੱਲਕੇ ਐ ਭੌਰ ਦਾ
ਕਰੀਂ ਰੱਬਾ ਮੇਲ ਕਿਤੇ ਦਿੱਲੀ ਤੇ ਲਾਹੌਰ ਦਾ

ਇਸਤੋਂ ਬਾਅਦ ਤੋਂ ਮੱਖਣ ਬਰਾੜ ਦੇ ਗੀਤਾਂ ਦੀ ਝੜੀ ਲੱਗ ਗਈ। ਗਿੱਲ ਹਰਦੀਪ ਸਮੇਤ ਮਲਕੀਤ ਸਿੰਘ ਨੇ "ਸਾਡੇ ਵਾਲਾ ਵੇਲਾ ਪੁੱਤ ਚੰਗਾ ਹੁੰਦਾ ਸੀ", ਲਾਭ ਹੀਰਾ ਨੇ "ਸਿੰਗ ਫਸ ਗਏ ਕੁੰਢੀਆਂ ਦੇ ਮਿੱਤਰਾ ਬਹਿ ਜਾ ਗੋਡੀ ਲਾਕੇ", ਹੰਸ ਰਾਜ ਹੰਸ ਨੇ "ਇੱਕ ਵਾਰੀ ਵੇਖਣਾ ਚਾਹੁੰਦਾ ਹਾਂ ਤੇਰਾ ਕਿਹੋ ਜਿਹਾ ਪੰਜਾਬ ਬਿੱਲੋ, ਤੇ ਹੋਰ ਵੀ ਕਲਾਕਾਰਾਂ ਦੀ ਆਵਾਜ਼ ਵਿੱਚ ਮੱਖਣ ਬਰਾੜ ਦੇ ਗੀਤ ਰਿਕਾਰਡ ਹੋਏ। ਬਰਾੜ ਦਾ ਇੱਕ ਹੋਰ ਗੀਤ ਜੋ ਮੇਰੇ ਦਿਲ ਦੇ ਬਹੁਤ ਕਰੀਬ ਐ ਸੁਰਜੀਤ ਬਿੰਦਰਖੀਆ ਦੀ ਆਵਾਜ਼ ਵਿੱਚ ਸ਼ਮਸ਼ੇਰ ਸੰਧੂ ਸਾਹਿਬ ਦਾ ਇੱਕ ਗੀਤ ਬਹੁਤ ਮਕਬੂਲ ਹੋਇਆ ਜਿਸਦੇ ਬੋਲ ਸਨ "ਮਾਂ ਹੁਣ ਮੈਂ ਨੀ ਪੇਕੇ ਆਉਣਾਂ ਪੇਕੇ ਹੁੰਦੇ ਮਾਵਾਂ ਨਾਲ" ਪਰ ਮੱਖਣ ਬਰਾੜ ਨੇ ਇਸ ਵਿਸ਼ੇ ਨੂੰ ਵੱਖਰੇ ਦ੍ਰਿਸ਼ਟੀਕੋਨ ਤੋ ਲਿਖਿਆ

ਸਾਸਰੀਕਾਲ ਬਲਾਉਂਦੀ ਨਣਦੇ
ਘੁੱਟ ਗਲਵੱਕੜੀ ਪਾਉਦੀਂ ਨਣਦੇ
ਕਿਉਂ ਤੂੰ ਪੇਕੇ ਆਉਣਾ ਛੱਡਤਾ,
ਕੁੱਝ ਤਾਂ ਮੂੰਹੋਂ ਬੋਲ ਕੁੜੇ
ਮਾਵਾਂ ਵਰਗੀ ਮੈਂ ਭਰਜਾਈ,
ਦੁੱਖ ਸੁੱਖ ਬਹਿਕੇ ਫੋਲ ਕੁੜੇ

ਕੀ ਹੋਇਆ ਤੇਰੀ ਮਾਂ ਹੈਨੀ,
ਮੇਰੀ ਵੀ ਨਾਂ ਰਹੀ ਕੁੜੇ
ਮਰਿਆਂ ਨਾਲ ਨੀ ਮਰਿਆ ਜਾਂਦਾ,
ਸਿਆਣਿਆਂ ਨੇ ਗੱਲ ਕਹੀ ਕੁੜੀ
ਵੇਖ ਭਤੀਜੇ ਭੱਜੇ ਆਉਂਦੇ,
ਵੀਰ ਖੜ੍ਹਾ ਤੇਰੇ ਕੋਲ ਕੁੜੇ
ਮਾਵਾਂ ਵਰਗੀ ਮੈਂ ਭਰਜਾਈ,
ਦੁੱਖ ਸੁੱਖ ਬਹਿਕੇ ਫੋਲ ਕੁੜੇ

ਭੈਣ ਭਰਾ ਤੁਸੀਂ ਕੱਠੇ ਖੇਡੇ,
ਕਈ ਵਾਰੀ ਤੁਸੀਂ ਲੜਦੇ ਸੀ
ਆਹ ਬੈਠਕ ਦੇ ਵਿੱਚ ਬਲਬ ਜਗਾਕੇ,
ਕੱਠੇ ਬਹਿਕੇ ਪੜਦੇ ਸੀ
ਬੇਸ਼ੱਕ ਤੈਨੂੰ ਪਿਆਰਾ ਲੱਗਦੈ,
ਸਾਡੇ ਨਾਲੋਂ ਢੋਲ ਕੁੜੇ
ਮਾਵਾਂ ਵਰਗੀ ਮੈਂ ਭਰਜਾਈ
ਦੁੱਖ ਸੁੱਖ ਬਹਿਕੇ ਫੋਲ ਕੁੜੇ

ਸਦਾ ਦੀਵਾਲੀ ਲੋਹੜੀ ਤੇਰਾ,
ਪਹੁੰਚਦਾ ਰਹੂ ਸੰਧਾਰਾ ਨੀ
ਛੱਕ ਨਾਨਕੀ ਲੈਕੇ ਪਹੁੰਚ
ਸਾਡਾ ਟੱਬਰ ਸਾਰਾ ਨੀ
ਮੇਲ ਨਾਨਕਾ ਦੇਖੀਂ ਆਉਂਦਾ,
ਵਜਦਾ ਆਊ ਢੋਲ ਕੁੜੇ
ਮਾਵਾਂ ਵਰਗੀ ਮੈਂ ਭਰਜਾਈ
ਦੁੱਖ ਸੁੱਖ ਬਹਿਕੇ ਫੋਲ ਕੁੜੇ

ਅੰਦਰ ਪਿਆ ਸੰਦੂਕ ਨੀ ਮਾਂ ਦਾ,
ਔਹ ਚਰਖਾ ਔਹ ਬੋਹਟੇ ਪਏ
ਅੱਧ ਵਿਚਾਲੇ ਛੱਡਗੀ
ਜਿਹੜੇ ਔਹ ਨੇ ਵੇਖ ਗਲੋਟੇ ਪਏ
ਗਲ਼ ਲੱਗ ਮੱਖਣ ਬਰਾੜ ਬਾਈ ਦੇ
ਬੇਸ਼ੱਕ ਹੰਝੂ ਡੋਲ੍ਹ ਕੁੜੇ
ਮਾਵਾਂ ਵਰਗੀ ਮੈਂ ਭਰਜਾਈ
ਦੁੱਖ ਸੁੱਖ ਬਹਿਕੇ ਫੋਲ ਕੁੜੇ

ਨਣਦ ਭਰਜਾਈ ਦੇ ਇਸ ਰਿਸ਼ਤੇ ਨੂੰ ਸੁਣਕੇ ਅਕਸਰ ਈ ਮੈਂ ਭਾਵੁਕ ਹੋ ਜਾਂਦਾ ਹਾਂ। ਗਿੱਲ ਹਰਦੀਪ ਜਦੋਂ ਵੀ ਮਿਲੇ ਉਸਤੋਂ ਹਮੇਸ਼ਾ ਸੁਣਦਾ ਹਾਂ। ਅੱਜਕਲ੍ਹ ਮੱਖਣ ਬਰਾੜ ਕੈਨੇਡਾ ਵਿੱਚ ਨਿਆਗਰਾ ਫਾਲ ਵਿਖੇ ਰਹਿ ਰਿਹਾ ਐ। ਮੱਖਣ ਬਰਾੜ ਕਮਾਲ ਦਾ ਸਟੇਜ਼ ਸੰਚਾਲਕ ਐ ਚਾਹੇ ਕਬੱਡੀ ਦੇ ਮੈਚ ਚਲਦੇ ਹੋਣ ਛਾਹੇ ਕੋਈ ਸਟੇਜੀ ਪਰੋਗਰਾਮ ਉਹ ਆਪਣੇ ਲਿਖੇ ਸ਼ੇਅਰਾਂ ਦੀ ਝੜੀ ਲਾ ਦਿੰਦਾ ਐ। । ਪਹਿਲਾਂ ਹਰ ਸਾਲ ਵਰ੍ਹੇ ਛਿਮਾਹੀ ਪਿੰਡ ਗੇੜਾ ਮਾਰਦਾ ਰਹਿੰਦਾ ਸੀ ਪਰ ਇਹਨੀ ਦਿਨੀ ਸਿਹਤ ਸਮੱਸਿਆਵਾਂ ਦਾ ਘੇਰਾ ਘੱਤ ਲੈਣ ਕਾਰਣ ਹੁਣ ਬਾਹਰ ਅੰਦਰ ਜਾਣ ਤੋਂ ਟਾਲਾ ਜਿਹਾ ਵੱਟ ਜਾਂਦਾ ਐ, ਪਰ ਉਸਦੀ ਕਲਮ ਹੁਣ ਫੇਸਬੁੱਕ ਜ਼ਰੀਏ ਹਰ ਰੋਜ ਕੁੱਝ ਨਾ ਕੁੱਝ ਹਰਕਤ ਕਰਦੀ ਹੀ ਰਹਿੰਦੀ ਐ। ਦੁਆ ਐ ਬਰਾੜ ਸਾਹਿਬ ਦੀ ਕਲਮ ਪੰਜਾਬੀ ਸੱਭਿਆਚਾਰ ਦੇ ਇੰਝ ਹੀ ਕਸੀਦੇ ਕੱਢਦੀ ਰਹੇ।

ਡਾਇਰੀ ਦਾ ਪੰਨਾ

ਨਿੰਦਰ ਘੁਗਿਆਣਵੀ

9417421700

# ਰੱਬੀ ਰੂਹ ਵਰਗੇ ਲੋਕ



ਅੰਮ੍ਰਿਤ ਵੇਲਾ ਹੈ। ਟਰੇਨ ਵਿੱਚ ਬੈਠਾ ਸਿਰਸਾ ਤੋਂ ਬਠਿੰਡਾ ਜਾ ਰਿਹਾ ਹਾਂ। ਅਹਿਮ ਗੱਲ ਕਿ ਸਿਰਸਾ ਆਇਆ ਹੀ ਪਹਿਲੀ ਵਾਰ ਹਾਂ। ਕਦੇ ਸਬੱਬ ਨਹੀਂ ਸੀ ਬਣਿਆ। ਵੈਸੇ ਸਿਰਸਾ ਦਾ ਨਾਂ ਦੁਨੀਆਂ ਭਰ ਵਿੱਚ ਉੱਘਾ ਹੈ। ਆਪਣੀ ਅੱਜ ਦੀ ਡਾਇਰੀ ਦਾ ਪੰਨਾ ਲਿਖਦਿਆਂ ਸੋਚ ਰਿਹਾ ਹਾਂ ਕਿ ਜੇ ਦੁਨੀਆਂ ਖੜੀ ਹੋਈ ਹੈ, ਤਾਂ ਉਹ ਰੱਬ ਵਰਗੇ ਲੋਕਾਂ ਕਰਕੇ ਹੀ ਹੈ, ਨਹੀਂ ਤਾਂ ਇਨਸਾਨ ਹੁਣ ਤੀਕ ਇਨਸਾਨ ਨੂੰ ਨੋਚ ਨੋਚ ਕੇ ਖਾ ਜਾਂਦਾ। ਕਹਿੰਦੇ ਨੇ ਕਿ ਇਨਸਾਨ ਜਦ ਹੈਵਾਨ ਬਣਦਾ ਹੈ, ਈਸ਼ਵਰ ਪ੍ਰੇਸ਼ਾਨ ਹੋ ਜਾਂਦਾ ਹੈ ਤੇ ਫਿਰ ਉਹ ਆਪਣੇ ਵਰਗੇ ਬੰਦਿਆਂ ਨੂੰ ਕਹਿੰਦਾ ਹੈ ਕਿ ਜਾ-, ਦੁਖੀਆਂ ਦਾ ਦੁਖ ਨਿਵਾਰੋ। ਟੁੱਟਿਆਂ ਨੂੰ ਜੋੜੋ। ਰੋਂਦਿਆਂ ਨੂੰ ਗਲੇ ਲਗਾ-। ਧੀਰਜ ਵੰਡੋ। ਪ੍ਰੇਮ ਭਾਵਨਾ ਬਲਵਾਨ ਕਰੋ।

ਇਹ ਸੱਚ ਹੈ ਕਿ ਮੈਂ 10 ਸਾਲ ਦੀ ਉਮਰੇ ਘਰੋਂ ਨਿਕਲਿਆ। ਅੱਜ 41 ਸਾਲ ਹੋ ਗਏ ਨੇ, ਸਫਰ ਦਰ ਸਫਰ। ਪੈਰ ਪਹੀਏ ਬਣੇ ਚਲੇ ਆ ਰਹੇ ਨੇ। ਪੈਰ ਟਾਇਰ ਬਣ ਗਏ ਕਹਿਣਾ ਬਣਦਾ ਹੈ।

ਹੁਣ ਸਿਰਸਾ ਆਇਆ ਤਾਂ ਦੋ ਦਿਨ ਬੜੇ ਖ਼ੂਬਸੂਰਤ ਸਨ। ਚੌਧਰੀ ਦੇਵੀ ਲਾਲ ਯੂਨੀਵਰਸਿਟੀ ਆਇਆ ਸਾਂ। ਇੱਕ ਸੈਮੀਨਾਰ ਸੀ। ਯੂਨੀਵਰਸਿਟੀ ਦੇ ਖ਼ੂਬਸੂਰਤ ਵਾਤਾਵਰਣ ਨੇ ਖ਼ੂਬ ਮਨ ਮੋਹਿਆ। ਹਰ ਬੰਦਾ ਆਪਣੇ ਕੰਮ ਵਿੱਚ ਰੁਚਿਤ। ਮਾਲੀਆਂ ਤੋਂ ਲੈਕੇ ਫੁੱਲ ਬੂਟੇ ਵੀ ਰੁੱਝੇ ਰੁੱਝੇ ਜਾਪਣ ਲੱਗੇ। ਜਿੱਥੇ ਰੱਬ ਵਰਗੇ ਬੰਦੇ ਪ੍ਰਬੰਧ ਚਲਾਉਂਦੇ ਹੋਣ, ਉਥੇ ਵਾਤਾਵਰਣ ਆਪੇ ਸੁਖਦ ਭਰਿਆ ਤੇ ਸੋਹਣਾ ਸੋਹਣਾ ਹੋ ਜਾਂਦਾ ਹੈ। ਜੁਗ ਜੁਗ ਜੀਵੇ ਨਿਮਰਤਾ ਦਾ ਪੁੰਜ ਡਾ: ਪ੍ਰੋ ਵਿਜੈ ਕੁਮਾਰ ਵਾਈਸ ਚਾਂਸਲਰ। ਪਤਾ ਨਹੀ ਕਿਸ ਮਿੱਟੀ ਦੇ ਬਣੇ ਨੇ ਡਾ ਵਿਜੈ ਜੀ, ਸਲੀਕਾ, ਖ਼ੁਸ਼ਮਜਾਜੀ, ਸਹਿਣਸ਼ੀਲਤਾ ਤੇ ਸਰਲਤਾ ਦੇਖਕੇ ਵਾਰ ਵਾਰ ਮਹਿਸੂਸ ਹੋਇਆ ਹੈ ਕਿ ਇਹੋ ਜਿਹੇ ਪ੍ਰਬੰਧਕ ਤੇ ਮੁਖੀ ਜੇਕਰ ਸਾਰੇ ਅਦਾਰਿਆਂ ਵਿੱਚ ਸ਼ਸ਼ੋਭਿਤ ਹੋਣ, ਸਾਡੇ ਰਾਜ ਬਾਹਰਲੇ ਮੁਲਕਾਂ ਵਰਗੇ ਹੋ ਜਾਣਗੇ। ਚੰਗੇ ਬੰਦੇ ਆਪਣੀ ਨਿੱਗਰ ਤੇ ਉਸਾਰੂ ਸੋਚ ਨਾਲ ਮੰਦੇ ਥਾਂ ਨੂੰ ਵੀ ਭਾਗ ਲਾ ਦਿੰਦੇ ਹਨ। ਅਗਲੀ ਵਾਰ ਆਇਆ ਤਾਂ ਸਰਸਾ ਨਦੀ ਦੇ ਦਰਸ਼ਨ ਕਰਨ ਜਾਵਾਂਗਾ, ਜਿੱਥੇ ਵਿਛੋੜੇ ਪਏ ਸਨ। ਉਨਾਂ ਵਿਛੋੜਿਆਂ ਤੇ ਕੁਰਬਾਨੀਆਂ ਕਾਰਣ ਹੀ ਅਸੀਂ ਜੀਵੰਤ ਹਾਂ। ਖੈਰ ਜੀ।

ਸਿਰਸਾ ਤੋਂ ਵਾਪਸੀ ਬੜੀ ਸਹਿਜ ਹੈ। ਅਜ ਡਾਇਰੀ ਦਾ ਪੰਨਾ ਏਨਾ ਹੀ। ਬਾਕੀ ਫੇਰ।

ਕਰਜ਼ਾ ਸਿਰ ਚੜ੍ਹ ਜਾਵੇ ਤਾਂ ਘਬਰਾਉਣ ਦੀ ਲੋੜ ਨਹੀਂ ਸਗੋਂ ਕਰਜ਼ੇ ਦੀ ਸੈਟਲਮੈਂਟ ਲਈ ਚੰਗੀ ਸਲਾਹ ਦੀ ਲੋੜ ਹੁੰਦੀ ਹੈ। ਪੰਜਾਬੀ ਵਿੱਚ ਗੱਲਬਾਤ ਕਰਨ ਲਈ ਹਰਮਨ ਬੁੱਟਰ ਜਾਂ ਸਿੰਮੀ ਪੰਧੇਰ ਨਾਲ ਗੱਲਬਾਤ ਕਰੋ।

403-232-6220

facebook ਫੇਸਬੁੱਕ ਪਰਿਵਾਰ ਦੀਆਂ ਗੱਲਬਾਤਾਂ

### ਇਤਿਹਾਸ, ਪ੍ਰਤੀਕ ਅਤੇ ਲੁਕੀਆਂ ਕਹਾਣੀਆਂ (ਭਾਗ ਦੂਜਾ)

# ਤਾਸ਼ ਦੇ ਪੱਤਿਆਂ ਦੇ ਚਾਰ ਰਾਜੇ

(ਪਿਛਲੇ ਲੇਖ ਵਿੱਚ ਅਸੀਂ ਤਾਸ਼ ਦੀ ਉਤਪੱਤੀ ਅਤੇ ਵੱਖ-ਵੱਖ ਮਹਾਂਦੀਪਾਂ ਵਿੱਚ ਇਹ ਕਿਸ ਤਰ੍ਹਾਂ ਪਹੁੰਚੀ ਇਸਦਾ ਇਤਿਹਾਸ ਜਾਣਿਆ ਸੀ। ਅੱਜ ਆਪਾਂ ਜਾਣਾਂਗੇ ਤਾਸ਼ ਦੇ ਚਾਰ ਬਾਦਸ਼ਾਹਾਂ ਦਾ ਇਤਿਹਾਸ)

ਤਾਸ਼ ਦੀ ਇੱਕ ਗੱਦੀ ਵਿੱਚ ਚਾਰ ਬਾਦਸ਼ਾਹ ਹੁੰਦੇ ਹਨ। ਅਸੀਂ ਇਨ੍ਹਾਂ ਦੇ ਚਿਹਰਿਆਂ ਨੂੰ ਧਿਆਨ ਨਾਲ਼ ਵੇਖੀਏ ਤਾਂ ਇਹ ਸਿਰਫ਼ ਪੱਤੇ ਨਹੀਂ, ਸਗੋਂ ਇਤਿਹਾਸ ਦੀ ਇੱਕ ਛੋਟੀ ਜਿਹੀ ਗੈਲਰੀ ਵਾਂਗ ਹਨ। ਖਾਸ ਕਰਕੇ ਚਾਰੇ ਰਾਜੇ — ਹੁਕਮ, ਚਿੜੀ, ਪਾਨ ਅਤੇ ਇੱਟ ਦੇ। ਇਹ ਚਾਰੇ ਪੱਤੇ ਮੱਧਕਾਲੀਨ ਯੂਰਪ ਦੀ ਇੱਕ ਵਿਲੱਖਣ ਸੱਭਿਆਚਾਰਕ




ਗੀਤ ਨੂੰ ਆਪਣੇ ਅੰਦਰ ਸੰਭਾਲੇ ਹੋਏ ਹਨ।

15ਵੀਂ ਅਤੇ 16ਵੀਂ ਸਦੀ ਦੇ ਫ੍ਰੈਂਚ ਕਾਰਡ ਨਿਰਮਾਤਾਵਾਂ ਨੇ ਇਨ੍ਹਾਂ ਰਾਜਿਆਂ ਨੂੰ ਸਿਰਫ਼ ਕਲਪਨਾਤਮਕ ਚਿਹਰੇ ਨਹੀਂ ਮੰਨਿਆ, ਸਗੋਂ ਇਤਿਹਾਸ ਅਤੇ ਪੌਰਾਣਿਕ ਕਹਾਣੀਆਂ ਦੇ ਮਹਾਨ ਪਾਤਰਾਂ ਨਾਲ਼ ਜੋੜ ਦਿੱਤਾ। ਇਹ ਰੀਤ ਫ੍ਰਾਂਸ ਦੇ ਪੈਰਿਸ ਪੈਟਰਨ ਵਿੱਚ ਸਭ ਤੋਂ ਵੱਧ ਪ੍ਰਚਲਿਤ ਹੋਈ, ਜਿੱਥੇ ਹਰ ਰਾਜੇ ਨੂੰ ਇੱਕ ਨਾਮ ਦਿੱਤਾ ਗਿਆ: ਡੇਵਿਡ, ਸ਼ਾਰਲੇਮੇਨ, ਜੂਲੀਅਸ ਸੀਜ਼ਰ ਅਤੇ ਸਿਕੰਦਰ ਮਹਾਨ।

ਤਾਸ਼ ਦੇ ਪੱਤਿਆਂ ਦਾ ਯੂਰਪ ਵਿੱਚ ਆਗਮਨ 14ਵੀਂ ਸਦੀ ਦੇ ਅੰਤ ਵਿੱਚ ਹੋਇਆ ਮੰਨਿਆ ਜਾਂਦਾ ਹੈ। ਇਤਿਹਾਸਕਾਰਾਂ ਦੇ ਅਨੁਸਾਰ ਇਹ ਸੰਭਵ ਹੈ ਕਿ ਇਹ ਚੀਨ, ਫਾਰਸ (ਪਰਸ਼ੀਆ ਜਾਂ ਇਰਾਨ) ਜਾਂ ਮਮਲੂਕ ਮਿਸਰ ਰਾਹੀਂ ਯੂਰਪ ਤੱਕ ਪਹੁੰਚੇ। ਫ੍ਰਾਂਸ ਨੇ ਇਨ੍ਹਾਂ ਨੂੰ ਮਿਆਰੀ ਰੂਪ ਦਿੱਤਾ ਅਤੇ ਚਾਰ ਰੰਗਾਂ Spades (ਹੁਕਮ) , Hearts (ਪਾਨ), Diamonds(ਇੱਟ) ਅਤੇ Clubs (ਚਿੜੀ ) ਦੀ ਰਚਨਾ ਕੀਤੀ, ਜੋ ਅੱਜ ਵੀ ਦੁਨੀਆ ਭਰ ਵਿੱਚ ਵਰਤੇ ਜਾਂਦੇ ਹਨ।

ਹੁਕਮ ਦਾ ਬਾਦਸ਼ਾਹ, ਯਾਨੀ King of Spades, ਰਾਜਾ ਡੇਵਿਡ ਨੂੰ ਦਰਸਾਉਂਦਾ ਹੈ। ਬਾਈਬਲ ਦਾ ਇਹ ਮਹਾਨ ਯੋਧਾ ਗੋਲਿਆਥ ਨੂੰ ਹਰਾਉਣ ਲਈ ਪ੍ਰਸਿੱਧ ਹੈ। ਉਸ ਦੀ ਛਵੀ ਨਿਆਂ, ਹਿੰਮਤ ਅਤੇ ਰਾਜਨੀਤਿਕ ਬੁੱਧੀਮਾਨੀ ਨਾਲ਼ ਜੁੜੀ ਹੋਈ ਹੈ। ਇਸੇ ਲਈ ਹੁਕਮ, ਜੋ ਤਾਕਤ ਅਤੇ ਯੁੱਧ ਦਾ ਪ੍ਰਤੀਕ ਮੰਨਿਆ ਜਾਂਦਾ ਹੈ, ਉਸ ਨਾਲ਼ ਜੋੜਿਆ ਗਿਆ।

ਚਿੜੀ ਦਾ ਰਾਜਾ, King of Clubs, ਸਿਕੰਦਰ ਮਹਾਨ ਦੀ ਯਾਦ ਦਿਵਾਉਂਦਾ ਹੈ। ਮੈਸੀਡੋਨੀਆ (ਮਕਦੂਨਿਆ) ਦਾ ਇਹ ਵਿਸ਼ਵ-ਵਿਜੇਤਾ ਇਤਿਹਾਸ ਦੇ ਸਭ ਤੋਂ ਵੱਡੇ ਸਾਮਰਾਜ ਨਿਰਮਾਤਾਵਾਂ ਵਿੱਚੋਂ ਇੱਕ ਸੀ। ਉਸ ਦੀ ਫੌਜੀ ਸ਼ਕਤੀ ਅਤੇ ਜਿੱਤ ਦੀ ਲਾਲਸਾ ਨੇ ਉਸ ਨੂੰ Clubs suit ਨਾਲ਼ ਜੋੜਿਆ, ਜੋ ਵਧੋ-ਚੜ੍ਹੋ ਅਤੇ ਸ਼ਕਤੀ ਦਾ ਪ੍ਰਤੀਕ ਮੰਨਿਆ ਜਾਂਦਾ ਹੈ।

ਪਾਨ ਦਾ ਰਾਜਾ, King of Hearts, ਸ਼ਾਰਲੇਮੇਨ ਨਾਲ਼ ਸੰਬੰਧਿਤ ਹੈ, ਜਿਸ ਨੂੰ ਯੂਰਪ ਦਾ ਪਿਤਾਮਾ÷ ਵੀ ਕਿਹਾ ਜਾਂਦਾ ਹੈ। ਉਸ ਨੇ ਫ੍ਰੈਂਕਿਸ਼ ਸਾਮਰਾਜ ਨੂੰ ਇਕਜੁੱਟ ਕੀਤਾ ਅਤੇ ਪਵਿੱਤਰ ਰੋਮਨ ਸਾਮਰਾਜ ਦੀ ਨੀਂਹ ਰੱਖੀ। ਇਹੀ ਰਾਜਾ ਅੰਗ੍ਰੇਜ਼ੀ ਤਾਸ਼ ਵਿੱਚ ਮਸ਼ਹੂਰ Suicide King" ਵੀ ਕਿਹਾ ਜਾਂਦਾ ਹੈ, ਕਿਉਂਕਿ ਉਸ ਦੀ ਤਲਵਾਰ ਸਿਰ ਦੇ ਪਿੱਛੇ ਦਿਖਾਈ ਦਿੰਦੀ ਹੈ। ਦਰਅਸਲ ਇਹ ਸਦੀਆਂ ਦੀ ਛਪਾਈ ਅਤੇ ਨਕਲ ਦੀਆਂ ਗਲਤੀਆਂ ਦਾ ਨਤੀਜਾ ਹੈ; ਅਸਲ ਡਿਜ਼ਾਈਨ ਵਿੱਚ ਉਸ ਕੋਲ ਇੱਕ ਜੰਗੀ ਕੁਹਾੜਾ (battle axe ) ਸੀ।

ਇੱਟ ਦਾ ਰਾਜਾ, King of Diamonds, ਜੂਲੀਅਸ ਸੀਜ਼ਰ ਨੂੰ ਦਰਸਾਉਂਦਾ ਹੈ। ਰੋਮਨ ਗਣਰਾਜ ਦਾ ਇਹ ਮਹਾਨ ਸੈਨਾਪਤੀ ਰਾਜਨੀਤੀ, ਯੁੱਧ ਅਤੇ ਸ਼ਾਸਨ ਦੀ ਤਾਕਤ ਦਾ ਪ੍ਰਤੀਕ ਹੈ। ਇਸ ਪੱਤੇ ਦੀ ਇੱਕ ਖਾਸ ਪਛਾਣ ਇਹ ਹੈ ਕਿ ਇਹ ਅਕਸਰ ਸਾਈਡ ਪ੍ਰੋਫਾਈਲ ਵਿੱਚ ਦਿਖਾਇਆ ਜਾਂਦਾ ਹੈ, ਜੋ ਇਸਨੂੰ ਹੋਰ ਰਾਜਿਆਂ ਤੋਂ ਵੱਖਰਾ ਬਣਾਉਂਦਾ ਹੈ।

ਸਭ ਤੋਂ ਦਿਲਚਸਪ ਗੱਲ ਇਹ ਹੈ ਕਿ ਇਹ ਚਾਰ ਬਾਦਸ਼ਾਹ ਚਾਰ ਵੱਡੀਆਂ ਇਤਿਹਾਸਕ ਸਭਿਆਤਾਵਾਂ ਦੀ ਯਾਦ ਦਿਵਾਉਂਦੇ ਹਨ — ਯਹੂਦੀ, ਯੂਨਾਨੀ, ਰੋਮਨ ਅਤੇ ਫ੍ਰੈਂਕਿਸ਼। ਇੱਕ ਸਧਾਰਣ ਤਾਸ਼ ਦੀ ਗੱਦੀ ਇਸ ਤਰ੍ਹਾਂ ਇੱਕ ਛੋਟਾ ਇਤਿਹਾਸਕ ਮਿਊਜ਼ੀਅਮ ਬਣ ਜਾਂਦੀ ਹੈ, ਜਿਸ ਵਿੱਚ ਹਰ ਪੱਤਾ ਇੱਕ ਕਹਾਣੀ ਸੁਣਾਉਂਦਾ ਹੈ। ਅਗਲੀ ਵਾਰ ਜਦੋਂ ਤੁਸੀਂ ਤਾਸ਼ ਖੇਡੋ, ਤਾਂ ਇਨ੍ਹਾਂ ਚਾਰ ਰਾਜਿਆਂ ਨੂੰ ਸਿਰਫ਼ ਚਿਹਰੇ ਨਾਂ ਸਮਝਿਓ, ਇਹ ਉਹ ਮਹਾਨ ਨਾਮ ਹਨ ਜਿਨ੍ਹਾਂ ਨੇ ਇਤਿਹਾਸ ਦੇ ਪੰਨਿਆਂ 'ਤੇ ਆਪਣੀ ਛਾਪ ਛੱਡੀ ਅਤੇ ਅੱਜ ਵੀ ਸਾਡੇ ਹੱਥਾਂ ਵਿੱਚ ਇੱਕ ਪੱਤੇ ਦੇ ਰੂਪ ਵਿੱਚ ਜਿਉਂਦੇ ਹਨ।

**ਗੁਰਪ੍ਰੀਤ ਪਸ਼ੌਰੀਆ**



# ਉਹ ਵੇਲਾ ਯਾਦ ਕਰ

**ਡਾ. ਬਲਵਿੰਦਰ ਕੌਰ ਬਰਾੜ**
403 590 9629



# ਪੰਜਾਬੀ ਸਿਰ.ਫ ਇੱਕੋ ਕਲਚਰ ਜਾਣਦੇ ਹਨ ਤੇ ਉਹ ਹੈ ਐਗਰੀਕਲਚਰ

**ਇਹ ਬੇ-ਪ੍ਰਵਾਹ ਪੰਜਾਬ ਦੇ**
**ਮੌਤ ਨੂੰ ਮਖੌਲਾਂ ਕਰਨ**
**ਮਰਨ ਥੀਂ ਨਹੀਂ ਡਰਦੇ।**

ਕਵੀ ਪੂਰਨ ਸਿੰਘ ਨੇ ਇਹ ਸ਼ਬਦ ਪੰਜਾਬੀ ਛੈਲ-ਛਬੀਲੇ ਗੱਭਰੂਆਂ ਲਈ ਹੀ ਸਿਰਜੇ ਹਨ। ਮੈਨੂੰ ਚਾਰ ਦਹਾਕਿਆਂ ਦੇ ਕਰੀਬ ਪੰਜਾਬੀ ਜਵਾਨ ਪੀੜ੍ਹੀ ਦੇ ਨੇੜੇ ਤੋਂ ਵਿੱਚਰਨ ਦਾ ਮੌਕਾ ਮਿਲਿਆ ਤਾਂ ਮੈਨੂੰ ਉਨ੍ਹਾਂ ਦੀ ਮਾਨਸਿਕਤਾ ਪੜ੍ਹਨ ਦੀ ਆਦਤ ਜਿਹੀ ਹੋ ਗਈ ਸੀ। ਯੂਨੀਵਰਸਿਟੀ ਵਿੱਚ ਜਦ ਇਨ੍ਹਾਂ ਨਾਲ਼ ਵਾਹ ਪਿਆ ਤਾਂ ਲੱਗਿਆ ਅਸੀਂ ਤਾਂ ਸਭ ਛੱਪੜ ਵਿੱਚ ਸੁੱਟੇ ਖੁੰਢ ਵਾਂਗ ਹੀ ਹਾਂ ਜਿਸ 'ਤੇ ਹਰ ਸਾਲ ਕਰੂੰਬਲ਼ਾਂ ਫੁਟਦੀਆਂ ਹਨ ਅਤੇ ਹਰ ਸਾਲ ਵੱਢੀਆਂ ਵੀ ਜਾਂਦੀਆਂ ਹਨ। ਉਸ ਲ਼ੈਰੀ ਜਿਹੀ ਉਮਰ ਦੀ ਬਾਤ ਛੋਹ ਰਹੀ ਹਾਂ ਜਦ ਭਵਿੱਖੀ ਸੁਪਨੇ ਦੇਹੀ ਤੋਂ ਬਾਹਰ ਝਾਤੀਆਂ ਮਾਰਨ ਲਗਦੇ ਨੇ, ਜਦ ਜ਼ੁਬਾਨ ਤੋਂ ਬਿਨਾਂ ਹਰ ਅੰਗ ਕੋਈ ਗੁੱਝੀ ਬਾਤ ਪਸਾਰਦਾ ਹੈ। ਕਿਸੇ ਹਮਦਰਦ, ਹਮਸਫਰ ਦੀ ਤਲਬ, ਤਲਾਸ਼ ਅਤੇ ਆਹਟ ਲਈ ਮਨ ਹਵਾ ਨੂੰ ਉਠ-ਉਠ ਦਰ ਖੋਲ੍ਹਦਾ ਹੈ। ਜਦ ਬਾਂਹ ਵਧਾ ਕੇ ਅਸਮਾਨੋ ਤਾਰੇ ਤੋੜ ਮਹਿਬੂਬ ਦੇ ਕੇਸੀਂ ਗੁੰਦਣ ਜਿਹੀ ਰੀਝ ਮਚਲਦੀ ਹੈ। ਕੁੱਝ ਕਰ ਗ਼ੁਜ਼ਰਨ ਦੀ ਲੂਹਰੀ ਵੀ ਉਸਲਵੱਟੇ ਭੰਨਦੀ ਹੈ। ਜਦ ਸਰੋਵਰ ਦੀਆਂ ਛੱਲਾਂ 'ਤੇ ਮਨ ਦੀ ਇਬਾਰਤ ਵਰਗਾ ਕੁੱਝ ਲਿਖਿਆ ਨਜ਼ਰੀਂ ਆਉਂਦਾ ਹੈ। ਸੋਸ਼ਲ ਮੀਡੀਏ ਦੇ ਬੋਲ-ਬਾਲੇ ਦੇ ਇਸ ਯੁਗ ਵਿੱਚ ਜੋ ਵੀ ਪਰੋਸਿਆ ਜਾਂਦਾ ਹੈ, ਬਹੁਗਿਣਤੀ ਉਸੇ ਨੂੰ ਗੱਠ ਬੰਨ੍ਹ ਤੁਰਦੀ ਹੈ । ਮੰਡੀ ਦੇ ਮਾਲ ਵਾਂਗ ਪਰੋਸਿਆ ਉਹ ਵੀ ਜਾਂਦਾ ਹੈ, ਜੋ ਭਰਮਾਉਂਦਾ ਹੈ, ਜੋ ਵਿਕਦਾ ਹੈ। ਪੰਜਾਬੀ ਨੌਜਵਾਨੀ ਨੂੰ ਘੁਣ ਲੱਗਿਆ ਵਿਖਾਇਆ ਜਾਂਦਾ ਹੈ, ਜਿਵੇਂ ਪੰਜਾਬੀ ਮਨ ਅੰਦਰੋਂ ਰੰਦਾ ਮਰ ਰਿਹਾ ਹੋਵੇ, ਜਿਵੇਂ ਇਸ ਪੀੜ੍ਹੀ ਦੀ ਅਣਖ ਕਰੰਡ ਹੋ ਗਈ ਹੋਵੇ। ਇਹ ਸਭ ਪਸਰਦਾ ਵੇਖ ਕੇ ਹਰ ਮਨ ਅੰਦਰੋਂ ਹੂਕ ਨਿਕਲਦੀ ਹੈ। ਕੁੱਝ ਫ਼ੀ ਸਦੀ ਦਾਗੀ ਲੋਕ ਅਜਿਹਾ ਕਰਦੇ ਵੀ ਹਨ ਪਰ ਸਮੂਹ ਪੰਜਾਬੀਆਂ ਦੀ ਖਸਲਤ ਅਜਿਹੀ ਨਹੀਂ ਹੈ। ਲੋਕ-ਮਨ ਅੰਦਰ ਇਨ੍ਹਾਂ ਲਈ ਰੋਹ ਖੌਲਦਾ ਹੈ। ਜਿਵੇਂ ਹੋਰਨਾਂ ਸੂਬਿਆਂ ਦੀ ਸ਼ਿਰਕਤ ਨਾਲ਼ ਹੀ ਕੁੱਝ ਗੰਧਲਾਪਣ ਇਸ ਖ਼ੂਨ ਵਿੱਚ ਘੁਲ਼ ਰਿਹਾ ਹੋਵੇ। ਹੁਣ ਤੱਕ ਪੰਜਾਬੀਆਂ ਦਾ ਖਾਸਾ ਇਉਂ ਉਭਰਦਾ ਰਿਹਾ ਜਿੱਥੇ ਇਹ ਬੇ-ਪ੍ਰਵਾਹ, ਨਿਡਰ, ਬੇ-ਬਾਕ, ਅਣਖੀ, ਉਲਾਰ, ਜਜ਼ਬਾਤੀ, ਅੜਬ, ਜ਼ਿੱਦੀ ਅਤੇ ਮਾੜੀ ਧਿਰ ਨਾਲ਼ ਨਿਭਣ ਵਾਲ਼ੇ ਰਹੇ ਹਨ। ਪਿਆਰ ਨਾਲ਼ ਗ਼ੁਲਾਮੀ ਕਰਦੇ ਘਰ ਆਏ ਲਈ ਦੇਗ ਪਰ ਚੜ੍ਹ ਕੇ ਆਏ ਲਈ ਤੇਗ ਤਿਆਰ ਰਖਦੇ ਰਹੇ ਹਨ। ਖ਼ੁਸ਼ਵੰਤ ਸਿੰਘ ਦੇ ਕਥਨ ਅਨੁਸਾਰ ਪੰਜਾਬੀ ਸਿਰਫ਼ ਇੱਕੋ ਕਲਚਰ ਜਾਣਦੇ ਹਨ ਤੇ ਉਹ ਹੈ ਐਗਰੀਕਲਚਰ। ਇਸੇ ਲਈ ਕੋਈ ਸਮਾਜਿਕ ਤਰਥੱਲੀ ਇਨ੍ਹਾਂ ਅੰਦਰ ਧੂਹ ਪਾਉਂਦੀ ਹੈ, ਫੇਰ ਇਹ ਵਿਚਾਰਾਂ ਦੀ ਫਸਲ ਦੇ ਬੀਜ ਵੀ ਕੇਰਦੇ ਹਨ। ਇਹ ਜੋ ਅਕਸ ਵਿਗੜਿਆ ਹੈ, ਇਸ ਦੀ ਜ਼ਿੰਮੇਵਾਰੀ ਸਾਡੀ ਲੰਘ ਚੱਲੀ ਪੀੜ੍ਹੀ ਸਿਰ ਹੀ ਆਉਂਦੀ ਹੈ। ਅਸੀਂ ਇਨ੍ਹਾਂ ਨੂੰ ਵਧੀਆ ਇਨਸਾਨ ਦੀ ਥਾਂ ਆਲਮੀ ਮੰਡੀ ਲਈ ਵਧੀਆ ਟੁਕੜਾ ਬਣਾ ਕੇ ਪਰੋਸਿਆ ਹੈ। ਜੋ ਰੋਲ ਮਾਡਲ ਸਾਡੇ ਕੋਲ ਸਨ, ਅਸੀਂ ਤਾਂ ਉਸ ਦੇ ਪਾਸਕੂ ਵੀ ਨਹੀਂ ਨਿਭ ਸਕੇ। ਪੰਜਾਬੀ ਜਵਾਨਾਂ ਦੇ ਜਜ਼ਬਾਤੀ ਵੇਗ ਮੂਹਰੇ ਕੋਈ ਦਲੀਲ ਜਾਂ ਅਪੀਲ ਨਹੀਂ ਟਿਕਦੀ। ਕਾਹਲ਼ੀ ਵਿੱਚ ਸਿਆਣਪ ਨਾਲ਼ ਦੂਰ ਤੱਕ ਸੋਚਣ ਦੀ ਪਿਰਤ ਨਹੀਂ ਪਾਲ਼ੀ। ਕਰੋ ਜਾਂ ਮਰੋ ਕਰਦੇ ਸਹਿਜ ਖੋ ਬੈਠੇ। ਸੋਸ਼ਲ ਮੀਡੀਏ ਅਨੁਸਾਰ ਕਈ ਬੇਈਮਾਨਾਂ ਕਰ ਕੇ ਸਾਡੀ ਖਸਲਤ ਹੀ ਅਪਰਾਧੀ, ਦਾਗੀ, ਜੁਗਾੜੂ, ਯਾਰਮਾਰ ਵਾਲ਼ੀ ਬਣਾ ਧਰੀ ਹੈ। ਜਵਾਨੀ ਦਾ ਸਮਾਂ ਜੋਸ਼ ਅਤੇ ਹੋਸ਼ ਕਰਨ ਦਾ ਹੁੰਦਾ ਹੈ। ਇਸੇ 'ਤੇ ਭਵਿੱਖ ਉਸਰਦਾ ਹੈ। ਛੋਟੇ ਹੁੰਦਿਆਂ ਕੱਚੀ ਪੈਨਸਿਲ ਨਾਲ਼ ਲੱਗੀ ਰਬੜ ਗ਼ਲਤੀ ਮੇਟ ਸਕਦੀ ਹੈ ਪਰ ਫੇਰ ਪੈੱਨ ਨਾਲ਼ ਕੀਤੀ ਗ਼ਲਤੀ ਨਹੀਂ ਮਿਟਦੀ। ਉਂਗਲ਼ ਦੀ ਵਿੱਥ ਹੀ ਚੱਪੇ 'ਤੇ ਜਾ ਪੈਂਦੀ ਹੈ। ਜਵਾਨਾਂ ਦਾ ਇਹ ਯੁਗ ਉਮਰ ਦੀਆਂ ਸਭ ਸੰਭਾਵਨਾਵਾਂ ਅਤੇ ਸਮਰੱਥਾ ਨੂੰ ਹਾਕ ਮਾਰਦਾ ਹੈ। ਅਸੀਂ ਕਿਸਮਤ ਵਾਲ਼ੇ ਹਾਂ ਕਿ ਸਾਡੇ ਕੋਲ਼ ਵੱਧ ਜਵਾਨਾਂ ਦਾ ਸਰਮਾਇਆ ਹੈ ਪਰ ਹਕੂਮਤਾਂ ਨੇ ਕਦੇ ਇਨ੍ਹਾਂ ਦਾ ਸਿਰ ਨਹੀਂ ਪਲੋਸਿਆ। ਇਨ੍ਹਾਂ ਦੀਆਂ ਜੇਬਾਂ ਵਿੱਚ ਕਮਾਈਆਂ ਡਿਗਰੀਆਂ ਸਾਹ-ਨਾੜੀ ਤੱਕ ਚੁਭਦੀਆਂ ਹਨ। ਮੈਂ ਕਿਤੇ ਲਿਖਿਆ ਨਾਹਰਾ ਪੜ੍ਹਿਆ ਸੀ, 'ਰੱਖ ਜਵਾਨੀ ਬੇ-ਰੁਜ਼ਗਾਰ, ਆਪਣੀ ਕਬਰ ਪੁੱਟੇ ਸਰਕਾਰ'। ਇਹ ਸਾਡੀ ਆਸ ਹਨ, ਧਰਵਾਸ ਹਨ, ਸਾਡਾ ਭਵਿੱਖੀ ਵਿਸ਼ਵਾਸ ਹਨ। ਇਹ ਖ਼ਤਰਿਆਂ ਮੂਹਰੇ ਆਪਣੀਆਂ ਸੁੱਤੀਆਂ ਕਲਾਂ ਜਗਾਉਂਦੇ ਹਨ। ਮਿਸਾਲਾਂ ਹਨ ਕਿ ਕਿਸਾਨ ਅੰਦੋਲਨ ਸਮੇਂ ਆਪਣੇ ਸੱਚੇ ਕਿਰਦਾਰ ਨਾਲ਼ ਸਮੂਹ ਲੋਕਾਂ ਤੋਂ ਨਾਮਣਾ ਖੱਟਿਆ, ਹੜ੍ਹ-ਪੀੜਤਾਂ ਦੀ ਵਾਲੰਟੀਅਰ ਸੇਵਾ ਕਰ ਕੇ ਵਿਖਾ ਦਿੱਤਾ ਕਿ ਵਿਸ਼ੇਸ਼ ਫ਼ਰਜ਼ 'ਤੇ ਅਸੀਂ ਮਰ ਮਿਟਦੇ ਹਾਂ। ਪੰਜਾਬ ਯੂਨੀਵਰਸਿਟੀ ਦੇ ਮੁੱਦੇ ਸਮੇਂ ਦੀ ਇਨ੍ਹਾਂ ਦੀ ਇੱਕਜੁੱਟਤਾ ਨਾਲ਼ ਹਕੂਮਤ ਨੂੰ ਜਾ ਘੇਰਿਆ। ਇਹ ਸਾਡੀ ਅਜਿਹੀ ਸ਼ਕਤੀ ਹਨ ਜੋ ਹਕੂਮਤਾਂ ਨੂੰ ਉਲਟਾ ਸਕਦੀ ਹੈ। ਦੂਜੇ ਸੂਬਿਆਂ ਵਾਲ਼ੇ ਵੀ ਇਨ੍ਹਾਂ ਵੱਲ ਵੇਖਦੇ ਹਨ। ਇੱਕ ਵਾਰ ਮੈਨੂੰ ਦੱਖਣੀ ਭਾਰਤ ਵਿੱਚ ਟੀਪੂ ਸੁਲਤਾਨ ਦੇ ਮਕਬਰੇ 'ਤੇ ਜਾਣ ਦਾ ਮੌਕਾ ਮਿਲਿਆ। ਉੱਥੇ ਜਾਲ਼ੇ ਲੱਗੇ ਹੋਏ ਸਨ, ਪੰਛੀਆਂ ਨੇ ਆਲ੍ਹਣੇ ਪਾ ਰੱਖੇ ਸਨ। ਮੈਂ ਉਸ ਦੀ ਰੱਖ-ਰਖਾਅ ਬਾਰੇ ਪੁੱਛਿਆ ਤਾਂ ਉੱਥੋਂ ਦੇ ਲੋਕ ਮਜ਼ਾਕ ਕਰਦੇ ਹੋਏ ਕਹਿ ਰਹੇ ਸਨ - ਪੰਜਾਬੀਓਂ ਜੈਸਾ ਲੜਕਾ ਥਾ। ਕਿਸੇ ਦੀ ਟੈਂ ਨਾ ਮੰਨਣ ਵਾਲ਼ੇ ਸਾਡੇ ਪੰਜਾਬੀ ਹਰ ਉਠਦੀ ਉਥਲ-ਪੁਥਲ ਦੇ ਮੋਹਰੀ ਰਹੇ ਹਨ। ਮੋਹਰੀ ਹੀ ਰਹਿਣਗੇ। ਰੱਬ ਬਰਕਤ ਪਾਵੇ। ਪਰ ਹਾਲੇ ਤਾਂ ਹਾਲਾਤ ਨਾਲ਼ ਮੱਥਾ ਹੀ ਲਾ ਰਹੇ ਹਨ।

**ਰੁੱਖ ਬਦਲੇ ਹਵਾਵਾਂ ਦੇ,**
**ਬੂੰਦ-ਬੂੰਦ ਤਰਸ ਗਏ, ਅਸੀਂ ਪੁੱਤ ਦਰਿਆਵਾਂ ਦੇ।**

# ਤੂੜੀ ਦੇ ਢੇਰ ਵਿੱਚੋਂ ਸੂਈ ਲੱਭ ਕੇ ਲਿਆਂਦੀ



**ਜੀ ਐਸ ਗੁਰਦਿੱਤ**
**91 94171 93193**

ਅਮਰੀਕਾ ਨੇ ਇਰਾਨ ਵਿੱਚ ਡਿੱਗ ਕੇ ਗੁਆਚੇ ਆਪਣੇ ਪਾਇਲਟ ਨੂੰ ਉਸ ਦੇ ਦਿਲ ਦੀ ਧੜਕਣ ਸੁਣ ਕੇ ਕਿਵੇਂ ਲੱਭਿਆ ? ਇਹ ਇੱਕ ਇੰਨਾ ਕੁ ਔਖਾ ਕੰਮ ਸੀ ਕਿ ਤਾਂ ਹੀ ਟਰੰਪ ਨੇ ਇਸ ਬਾਰੇ ਕਿਹਾ ਕਿ 'ਦੁਨੀਆ ਵਾਲਿਉ, ਅਸੀਂ ਤੂੜੀ ਦੇ ਢੇਰ ਵਿੱਚੋਂ ਸੂਈ ਲੱਭ ਕੇ ਲਿਆਂਦੀ ਹੈ।'

3 ਅਤੇ 4 ਅਪ੍ਰੈਲ 2026 ਨੂੰ ਅਮਰੀਕਾ ਨੇ ਦੋ ਲੜਾਕੂ ਜਹਾਜ਼ ਇਰਾਨ ਉੱਤੇ ਹਮਲਾ ਕਰਨ ਲਈ ਭੇਜੇ। ਇਰਾਨੀਆਂ ਨੇ ਦੋਵੇਂ ਹੀ ਫੁੰਡ ਕੇ ਸੁੱਟ ਦਿੱਤੇ। ਇਹਨਾਂ ਵਿੱਚੋਂ ਇੱਕ ਦਾ ਪਾਇਲਟ ਤਾਂ ਸਮੁੰਦਰ ਵਿੱਚ ਛਾਲ ਮਾਰ ਗਿਆ ਜਿਸ ਨੂੰ ਅਮਰੀਕੀ ਜਲ ਸੈਨਾ ਨੇ ਬਚਾ ਲਿਆ। ਪ੍ਰੰਤੂ ਅਮਰੀਕਾ ਦੇ ਬਹੁਤ ਹੀ ਉੱਚ ਕੁਆਲਿਟੀ ਦੇ ਲੜਾਕੂ ਜਹਾਜ਼ 6-155 Strike Eagle ਨੂੰ ਵੀ ਜਦੋਂ ਇਰਾਨ ਨੇ ਫੁੰਡ ਦਿੱਤਾ ਤਾਂ ਉਸ ਜਹਾਜ਼ ਦਾ ਇੱਕ ਫ਼ੌਜੀ ਅਫ਼ਸਰ ਉਸ ਜਲਦੇ ਹੋਏ ਜਹਾਜ਼ ਵਿਚੋਂ ਛਾਲ ਮਾਰ ਕੇ ਇਰਾਨ ਦੇ ਕਿਸੇ ਪਹਾੜੀ ਇਲਾਕੇ ਵਿੱਚ ਡਿੱਗ ਪਿਆ। ਹੁਣ ਦੋਹਾਂ ਹੀ ਮੁਲਕਾਂ ਵਿੱਚ ਦੌੜ ਸ਼ੁਰੂ ਹੋ ਗਈ ਕਿ ਪਾਇਲਟ ਨੂੰ ਕੌਣ ਕਾਬੂ ਕਰਦਾ ਹੈ। ਪਰ ਆਖ਼ਰ ਨੂੰ ਅਮਰੀਕੀ ਫ਼ੌਜਾਂ ਨੇ ਇਰਾਨ ਦੇ ਅੰਦਰ ਇੱਕ ਵੱਡਾ ਅਤੇ ਖ਼ਤਰਨਾਕ ਆਪਰੇਸ਼ਨ ਕਰਕੇ ਆਪਣੇ ਉਸ ਅਫ਼ਸਰ ਨੂੰ ਜ਼ਿੰਦਾ ਬਰਾਮਦ ਕਰ ਲਿਆ। ਪ੍ਰੰਤੂ ਇਹ ਜੰਗ ਦੀ ਇੱਕ ਵਿਲੱਖਣ ਘਟਨਾ ਵਜੋਂ ਇਤਿਹਾਸ ਵਿੱਚ ਦਰਜ ਹੋ ਗਈ ਕਿ ਆਖ਼ਰ ਉਸ ਨੂੰ ਬਚਾਇਆ ਕਿਵੇਂ ਗਿਆ। ਇਸ ਵਿੱਚ ਉਹ ਸਾਇੰਸ ਵਰਤੀ ਗਈ ਜਿਹੜੀ ਅਜੇ ਤੱਕ ਇੱਕ ਆਮ ਬੰਦੇ ਦੇ ਪੱਲੇ ਪੈਣੀ ਹੀ ਬਹੁਤ ਔਖੀ ਹੈ। ਇਸ ਵਿੱਚ ਏ.ਆਈ. ਤੋਂ ਲੈ ਕੇ, ਸੁੱਪਰ ਕੰਡਕਟਿਵਟੀ, ਬਣਾਉਟੀ ਡਾਇਮੰਡ ਨਿਰਮਾਣ ਅਤੇ ਕੁਆਂਟਮ ਫਿਜ਼ਿਕਸ ਤੱਕ ਦੇ ਬੜੇ ਹੀ ਅਡਵਾਂਸ ਨਿਯਮ ਵਰਤੇ ਗਏ। ਇਰਾਨੀ ਪਹਾੜਾਂ ਦੀ ਕਿਸੇ ਗੁਫ਼ਾ ਵਿੱਚ ਲੁਕ ਕੇ ਬੈਠੇ ਉਸ ਅਮਰੀਕੀ ਪਾਇਲਟ ਕੋਲ ਕੋਈ ਆਧੁਨਿਕ ਮੋਬਾਈਲ ਜਾਂ ਹੋਰ ਕੁਝ ਵੀ ਅਜਿਹਾ ਨਹੀਂ ਸੀ ਜਿਸ ਨਾਲ ਉਸਦੀ ਲੋਕੇਸ਼ਨ ਪਤਾ ਲੱਗ ਸਕਦੀ। ਬੱਸ, ਉਸਦਾ ਦਿਲ ਧੜਕ ਰਿਹਾ ਸੀ ਅਤੇ ਉਸੇ ਧੜਕਣ ਨੂੰ ਹੀ 40 ਮੀਲ (64




ਕਿਲੋਮੀਟਰ) ਤੋਂ ਪਛਾਣ ਲਿਆ ਗਿਆ ਅਤੇ ਦੁਨੀਆ ਦੇ ਜੰਗੀ ਇਤਿਹਾਸ ਵਿੱਚ ਉਹ ਕਾਰਨਾਮਾ ਕਰ ਦਿੱਤਾ ਗਿਆ ਜੋ ਕਿ ਅੱਜਤੱਕ ਕਿਆਸਿਆ ਵੀ ਨਹੀਂ ਸੀ ਜਾ ਸਕਿਆ। ਖ਼ਾਸ ਗੱਲ ਇਹ ਵੀ ਹੈ ਕਿ ਇਰਾਨੀ ਫ਼ੌਜੀ ਉਸ ਅਫ਼ਸਰ ਦੇ 3 ਕਿਲੋਮੀਟਰ ਦੇ ਘੇਰੇ ਤੱਕ ਉਸ ਨੂੰ ਲੱਭਦੇ ਰਹੇ ਪਰ ਉਹਨਾਂ ਨੂੰ ਇੰਨਾ ਨੇੜਿਉਂ ਵੀ ਕੋਈ ਸੁਰਾਗ਼ ਨਾ ਮਿਲ ਸਕਿਆ ਪਰ ਅਮਰੀਕੀ ਫ਼ੌਜਾਂ ਨੇ ਇੱਕ ਅਡਵਾਂਸ ਤਕਨੀਕ ਨਾਲ 64 ਕਿਲੋਮੀਟਰ ਦੂਰੋਂ ਵੀ ਉਸ ਨੂੰ ਲੱਭ ਲਿਆ। ਅਸਲ ਵਿੱਚ ਜਦੋਂ ਸਾਡਾ ਦਿਲ ਧੜਕਦਾ ਹੈ ਤਾਂ ਇਹ ਇੱਕ ਤਰ੍ਹਾਂ ਦਾ ਕਰੰਟ ਹੀ ਹੁੰਦਾ ਹੈ ਜੋ ਕਿ ਚੁੰਬਕੀ ਤਰੰਗਾਂ ਪੈਦਾ ਕਰਦਾ ਹੈ। ਪਰ ਇਹਨਾਂ ਤਰੰਗਾਂ ਦੀ ਤੀਬਰਤਾ ਇੰਨੀ ਕੁ ਘੱਟ ਹੁੰਦੀ ਹੈ ਕਿ ਇਹਨਾਂ ਨੂੰ ਕੋਲ ਬੈਠ ਕੇ ਵੀ ਮਾਪਿਆ ਨਹੀਂ ਜਾ ਸਕਦਾ। ਪਰ ਆਰਟੀਫਿਸ਼ਲ ਇੰਟੈਲੀਜੈਂਸ, NV Centre Diamond Sensors, ਸੁੱਪਰ ਕੰਡਕਟਿਵਟੀ (Josephson Junction & SQUID) ਅਤੇ Quantum Magnetometry ਨੂੰ ਮਿਲਾ ਕੇ ਵਿਕਸਿਤ ਹੋਈ ਸੁੱਪਰ ਅਡਵਾਂਸ ਤਕਨੀਕ ਨੇ 64 ਕਿਲੋਮੀਟਰ ਦੂਰ ਤੋਂ ਇੱਕ ਇਨਸਾਨ ਦੇ ਦਿਲ ਦੀ ਧੜਕਣ ਨੂੰ ਕਿਵੇਂ ਲੱਭ ਲਿਆ ਅਤੇ ਪਛਾਣ ਵੀ ਲਿਆ, ਇਹ ਕਹਾਣੀ ਕਿਸੇ ਅੰਗਰੇਜ਼ੀ ਫਿਕਸ਼ਨ ਫ਼ਿਲਮ ਦੀ ਕਹਾਣੀ ਵਰਗੀ ਹੀ ਲੱਗ ਸਕਦੀ ਹੈ। ਇਸੇ ਕਾਰਨ ਦੁਨੀਆ ਦੇ ਕਈ ਨਾਮੀ ਗਰਾਮੀ ਲੋਕ ਇਸ ਸਾਰੀ ਘਟਨਾ ਨੂੰ ਅਮਰੀਕਾ ਵੱਲੋਂ ਵਿਛਾਇਆ ਮਾਇਆ ਜਾਲ ਵੀ ਗਰਦਾਨ ਰਹੇ ਹਨ। ਉਹਨਾਂ ਦਾ ਕਹਿਣਾ ਹੈ ਕਿ ਅਜਿਹਾ ਸੰਭਵ ਹੀ ਨਹੀਂ ਹੋ ਸਕਦਾ ਕਿ ਇੰਨੀ ਜ਼ਿਆਦਾ ਦੂਰੀ ਤੋਂ ਕੇਵਲ ਇੱਕ ਹੀ ਇਨਸਾਨ ਦੇ ਦਿਲ ਦੀ ਧੜਕਣ ਨੂੰ ਸੁਣਿਆ ਜਾ ਸਕੇ।

ਪ੍ਰੰਤੂ ਬਹੁਤ ਸਾਰੇ ਲੋਕਾਂ ਵੱਲੋਂ ਮੰਨਿਆ ਜਾ ਰਿਹਾ ਹੈ ਕਿ ਅਮਰੀਕੀ ਖ਼ੁਫ਼ੀਆ ਏਜੰਸੀ ਸੀ.ਆਈ.ਏ. ਵੱਲੋਂ ਇਸ ਵਿੱਚ ਕੁਆਂਟਮ ਟਨਲਿੰਗ ਦੀ ਉਸ ਤਕਨੀਕ ਦਾ ਸਹਾਰਾ ਲਿਆ ਗਿਆ ਜਿਸ ਦੇ ਬਦਲੇ ਅਜੇ ਪਿਛਲੇ ਸਾਲ (2025 ਵਿੱਚ) ਹੀ ਤਿੰਨ ਭੌਤਿਕ ਵਿਗਿਆਨੀਆਂ ਨੂੰ ਇਕੱਠਾ ਨੋਬਲ ਪ੍ਰਾਈਜ਼ ਦਿੱਤਾ ਗਿਆ ਸੀ। ਉਸ ਵਿੱਚ ਸੁੱਪਰ ਕੰਡਕਟਿਵ ਤਕਨੀਕ ਨਾਲ ਇੱਕ SQUID (Superconducting Quantum Interference Device) ਨਾਮ ਦਾ ਪੁਰਜ਼ਾ ਬਣਾਇਆ ਗਿਆ ਜੋ ਕਿ ਬਹੁਤ ਹੀ ਜ਼ਿਆਦਾ ਕਮਜ਼ੋਰ ਚੁੰਬਕੀ ਤਰੰਗਾਂ ਨੂੰ ਵੀ ਫੜ ਸਕਦਾ ਹੈ। ਪਰ ਸਮੱਸਿਆ ਇਹ ਸੀ ਕਿ ਪਹਾੜਾਂ ਵਿੱਚ ਲੁਕੇ ਬੈਠੇ ਅਮਰੀਕੀ ਪਾਇਲਟ ਦੇ ਦਿਲ ਦੀ ਧੜਕਣ ਨੂੰ ਤਾਂ ਫਿਰ ਹੀ ਸੁਣਿਆ ਜਾ ਸਕਦਾ ਸੀ ਜੇਕਰ ਬਾਕੀ ਹਰ ਤਰ੍ਹਾਂ ਦੀਆਂ ਕੁਦਰਤੀ ਆਵਾਜ਼ਾਂ (noise or distortion) ਨੂੰ ਜ਼ੀਰੋ ਕੀਤਾ ਜਾ ਸਕਦਾ। ਇਸਦੇ ਵਾਸਤੇ ਏ. ਆਈ. ਦਾ ਸਹਾਰਾ ਲਿਆ ਗਿਆ ਅਤੇ ਫਿਰ 64 ਕਿਲੋਮੀਟਰ ਦੂਰ ਤੋਂ ਹੀ ਅਮਰੀਕੀਆਂ ਨੂੰ ਕਨਫ਼ਰਮ ਹੋ ਗਿਆ ਕਿ ਫਲਾਨੀ ਥਾਂ ਉੱਤੇ ਗੁਫ਼ਾ ਵਿੱਚ ਲੁਕਿਆ ਬੈਠਾ ਜਿਹੜਾ ਦਿਲ ਧੜਕ ਰਿਹਾ ਹੈ, ਉਹ ਸਾਡਾ ਹੀ ਫ਼ੌਜੀ ਹੈ।

# ਗਲੋਬਲ ਪ੍ਰਵਾਸੀ ਸੀਨੀਅਰ ਸਿਟੀਜਨ ਸੋਸਾਇਟੀ ਨੇ ਵਿਸਾਖੀ ਮੌਕੇ ਰੰਗਾ ਰੰਗ ਪ੍ਰੋਗਰਾਮ ਦਾ ਆਯੋਜਨ ਕੀਤਾ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਕੈਲਗਰੀ ਦੇ ਨਾਰਥ ਈਸਟ ਏਰੀਏ ਵਿੱਚ ਪੈਂਦੇ ਵਾਈਟ ਹਾਰਨ ਕਮਿਊਨਿਟੀ ਹਾਲ ਵਿਖੇ ਬੀਤੇ ਦਿਨੀ ਗਲੋਬਲ ਪ੍ਰਵਾਸੀ ਸੀਨੀਅਰ ਸਿਟੀਜਨ ਸੋਸਾਇਟੀ ਵੱਲੋਂ ਸੰਸਥਾ ਦੇ ਸੰਸਥਾਪਕ ਸਤਪਾਲ ਕੌਸ਼ਿਲ ਹੋਰਾਂ ਦੀ ਸੁਚੱਜੀ ਅਗਵਾਈ ਹੇਠ ਵਿਸਾਖੀ ਦਾ ਪ੍ਰੋਗਰਾਮ ਅਤੇ ਮਈ ਦਿਵਸ ਮਨਾਇਆ ਗਿਆ। ਮੰਚ ਸੰਚਾਲਨ ਦੀ ਜਿੰਮੇਵਾਰੀ ਸਾਂਭਦਿਆਂ ਸਰਦਾਰ ਬਿੱਕਰ ਸਿੰਘ ਸੰਧੂ ਹੋਰਾਂ ਨੇ ਆਪਣੀ ਮਨਮੋਹਣੀ ਆਵਾਜ਼ ਵਿੱਚ ਗੀਤ ਦੀਆਂ ਲਾਈਨਾਂ ਬੋਲੀਆਂ ਅਤੇ ਪਾਕਿਸਤਾਨੀ ਮੂਲ ਦੇ ਗਾਇਕ ਨੂੰ ਮੰਚ ਉਪਰੋਂ ਮਨੋਰੰਜਨ ਕਰਨ ਲਈ ਸੱਦਾ ਦਿੱਤਾ । ਸੰਸਥਾ ਦੇ ਸੰਸਥਾਪਕ ਸਤਪਾਲ ਕੌਸ਼ਿਲ ਦੀਆਂ ਹੁਣ ਤੱਕ ਦੀਆਂ ਸੇਵਾਵਾਂ ਨੂੰ ਦੇਖਦਿਆਂ ਸੰਸਥਾ ਵੱਲੋਂ ਉਹਨਾਂ ਨੂੰ ਮਾਣ ਪੱਤਰ ਦੇ ਕੇ ਸਨਮਾਨਿਤ ਕੀਤਾ ਗਿਆ। ਡਾਕਟਰ ਰਾਣੂ ਹੋਰਾਂ ਨੇ ਖਾਣ ਪੀਣ ਸਬੰਧੀ ਹਿਦਾਇਤਾਂ ਕਰਦਿਆਂ ਬਜ਼ੁਰਗਾਂ ਨੂੰ ਨਿੱਤ ਦੀ ਖੁਰਾਕ ਬਦਲਣ ਲਈ ਸੁਝਾਅ ਦਿੱਤੇ ਖਾਣ ਪੀਣ ਦਾ ਬਹੁਤ ਹੀ ਸੁਚੱਜਾ ਇੰਤਜ਼ਾਮ ਕੀਤਾ ਹੋਇਆ ਸੀ ਪਰ ਇਸ ਦੇ ਨਾਲ ਹੀ ਗੀਤ ਸੰਗੀਤ ਦੇ ਇੰਤਜ਼ਾਮ ਦਾ ਆਨੰਦ ਮਾਣਦੇ ਬਜ਼ੁਰਗਾਂ ਨੇ ਨੱਚ ਟੱਪ ਕੇ ਇਸ ਪ੍ਰੋਗਰਾਮ ਦਾ ਆਨੰਦ ਮਾਣਦਿਆਂ ਆਮ ਲੋਕਾਂ ਦੇ ਵਿੱਚੋਂ ਇਸ ਗੱਲ ਦਾ ਵਹਿਮ ਦੂਰ ਕਰ ਦਿੱਤਾ ਕਿ ਪੰਜਾਬ ਤੋਂ ਪ੍ਰਵਾਸ ਕਰਕੇ ਆਏ ਬਜ਼ੁਰਗ ਘਰਾਂ ਵਿੱਚ ਬੰਦ ਨਹੀਂ ਰਹਿੰਦੇ ਸਗੋਂ ਉਹ ਆਪਣੀ ਜ਼ਿੰਦਗੀ ਦਾ ਪੂਰਾ ਆਨੰਦ ਮਾਣਦੇ ਹਨ।




All the Elements you expect
from a home you love.

WITH TRICO,
IT'S ON THE HOUSE.




MORE
BUILT-IN.
More
to love.




ਦੇਖੋ ਤੁਹਾਡੇ ਨਵੇਂ ਟਰਾਈਕੋ ਘਰ ਵਿੱਚ ਕੀ ਕੁੱਝ ਸਾਮਿਲ ਹੈ.

ਪੂਰੀ ਜਾਣਕਾਰੀ ਸਕੈਨ ਕਰਕੇ ਜਾਣੋ ▶

**ਤੁਹਾਨੂੰ ਇਹ ਪਸੰਦ ਆਵੇਗਾ ਕਿ ਕੀ ਬਣਾਇਆ ਗਿਆ ਹੈ:** ਟ੍ਰਾਈਕੋ ਦੇ ਨਾਲ,ਪਹਿਲੇ ਦਿਨ ਤੋਂ ਹੀ ਹੋਰ ਵੀ ਬਹੁਤ ਕੁੱਝ ਸ਼ਾਮਿਲ ਹੈ।

**ਸਾਡੇ 2026 ਦੇ ਨਿਰਧਾਰਨ ਤੁਹਾਨੂੰ ਤੁਹਾਡੇ ਘਰ ਲਈ ਹੋਰ ਬਹੁਤ ਕੁੱਝ ਦਿੰਦੇ ਹਨ—ਬਿਨਾ ਕਿਸੇ ਵਾਧੂ ਕੀਮਤ ਦੇ,ਵਧੇਰੇ ਮੁੱਲ ਵਾਲਾ ਘਰ,ਇਸ ਵਿੱਚ ਸ਼ਾਮਿਲ ਹੈ।** ਸਾਡੇ ਐਲੀਮੈਂਟਸ ਅਤੇ ਐਲੀਟ ਘਰਾਂ ਵਿੱਚ ਉਪਲਬਧ, ਤੁਹਾਨੂੰ **ਸੈਮਸੰਗ ਉਪਕਰਣਾਂ ਅਤੇ ਸਮਾਰਟ ਹੋਮ ਪੈਕੇਜ**, ਫਲੈਕਸੀਵਲ ਲਾਈਟਾਂ ਦਾ ਪੈਕੇਜ, ਅਤੇ ਟ੍ਰਾਈਕੋ ਦੇ ਉੱਚੇ ਨਿਰਮਾਣ ਮਿਆਰਾਂ ਦੇ ਨਾਲ ਆਉਣ ਵਾਲੀ ਮਨ ਦੀ ਸ਼ਾਂਤੀ ਦੇ ਨਾਲ ਇੱਕ ਅੱਪਗ੍ਰੇਡ ਕੀਤੀ ਰਸੋਈ ਪਸੰਦ ਆਵੇਗੀ।

**ਸਾਡੇ ਸ਼ੋਅਹੋਮ ਵਿਖੇ ਆਓ ਅਤੇ ਨਵੇਂ ਘਰ ਦੀ ਸ਼ੁਰੂਆਤ ਕਰੋ!**

The Heart of Homebuilding® | Find out more at tricohomes.com | Trico Homes®

BUILDING IN 32 COMMUNITIES: FRONT-GARAGE | LANED | DUPLEXES | TOWNHOMES | CONDOS

partners
Development Group

ਸਾਨੂੰ ਲੱਗਦਾ ਹੈ ਕਿ ਤੁਸੀਂ ਸਹਿਮਤ ਹੋਵੋਗੇ:

# ਸਾਡਾ ਛੋਟਾ ਭਾਈਚਾਰਾ ਇੱਕ ਬਹੁਤ ਵੱਡੇ ਜੰਪ ਦੀ ਪੇਸ਼ਕਸ਼ ਕਰਦਾ ਹੈ

IN HOME & LIFESTYLE



## Keystone Creek: ਇੱਥੇ ਜ਼ਿੰਦਗੀ ਸੁਹਜ, ਸੰਪਰਕ ਅਤੇ ਸਹੂਲਤ ਨਾਲ ਭਰਪੂਰ ਹੈ।

ਨੋਜ਼ ਕਰੀਕ ਦੇ ਨਾਲ ਸਥਿਤ ਅਤੇ ਰੋਜ਼ਾਨਾ ਜ਼ਰੂਰੀ ਚੀਜ਼ਾਂ ਤੋਂ ਕੁਝ ਮਿੰਟਾਂ ਦੀ ਦੂਰੀ 'ਤੇ, ਕੀਸਟੋਨ ਕਰੀਕ ਨੌਰਥ ਕੈਲਗਰੀ ਦਾ ਸਭ ਤੋਂ ਵਧੀਆ ਗੁਪਤ ਰਾਜ਼ ਹੈ। ਸੋਚ-ਸਮਝ ਕੇ ਡਿਜ਼ਾਈਨ ਕੀਤਾ ਗਿਆ ਅਤੇ ਕਿਫਾਇਤੀ ਢੰਗ ਨਾਲ ਡਿਲੀਵਰ ਕੀਤਾ ਗਿਆ, ਇਸ ਬੁਟੀਕ ਕਮਿਊਨਿਟੀ ਵਿੱਚ ਸਿਰਫ਼ ਤਿੰਨ ਪੜਾਅ ਹਨ, ਜੋ ਇਸਨੂੰ ਪ੍ਰਾਪਤ ਕਰਨ ਦੇ ਬਰਾਬਰ ਵਿਸ਼ੇਸ਼ ਬਣਾਉਂਦੇ ਹਨ।

ਭਾਵੇਂ ਤੁਸੀਂ ਨਵੀਂ ਸ਼ੁਰੂਆਤ ਕਰ ਰਹੇ ਹੋ, ਉੱਪਰ ਜਾ ਰਹੇ ਹੋ, ਜਾਂ ਸਮਾਰਟ ਆਕਾਰ ਘਟਾ ਰਹੇ ਹੋ, ਕੀਸਟੋਨ ਕਰੀਕ ਕੋਨੇ ਕੱਟੇ ਬਿਨਾਂ ਅਸਲ ਮੁੱਲ ਪ੍ਰਦਾਨ ਕਰਦਾ ਹੈ। ਅੱਜ ਹੀ ਸਾਡੇ ਨਾਲ ਮੁਲਾਕਾਤ ਕਰੋ।

COME TOUR 6 SHOWHOMES
FIND YOUR NEW NORTH

| STREET TOWNS | REAR LANED DUPLEXES | REAR LANED HOMES | FRONT DRIVE HOMES |
|---|---|---|---|
| FROM THE $460s | FROM THE $530s | FROM THE $575s | FROM THE $675s |
| Partners Homes | Partners Homes | Genesis Builders & NuVista Homes | Genesis Builders & NuVista Homes |

MODERN STYLE MEETS EVERYDAY EASE

- Nestled beside Nose Creek
- Playgrounds & green spaces
- Pathways connected to the Rotary Greenway
- Easy access to Stoney Trail & Deerfoot Trail

YOUR STYLE. YOUR SPACE. YOUR NORTH.

START YOUR HOME SEARCH HERE
Find maps and more at KeystoneCreek.ca

KEYSTONE CREEK
a partners community



Homestead

partners
Development Group

# ਘਰ ਨੂੰ ਪਿਆਰ ਜੀਵਨਸ਼ੈਲੀ ਨੂੰ ਪਿਆਰ ਕੀਮਤਾਂ ਨੂੰ ਪਿਆਰ



PLANT YOUR ROOTS IN HOMESTEAD
MADE FOR FAMILIES

## ਅਸਲੀ ਕੀਮਤ ਇੱਥੇ ਹੈ ਅਤੇ ਤੁਹਾਨੂੰ ਵੀ ਇਹੀ ਚਾਹੀਦੀ ਹੈ।

ਇਹ ਸਭ ਕੁਝ ਹੋਮਸਟੇਡ ਵਿੱਚ ਹੈ, ਉੱਤਰ-ਪੂਰਬੀ ਭਾਈਚਾਰਾ ਜੋ ਹੈਰਾਨੀਜਨਕ ਤੌਰ 'ਤੇ ਕਿਫਾਇਤੀ ਨਵੇਂ ਘਰਾਂ ਨੂੰ ਕੁਦਰਤ, ਸੰਪਰਕ ਅਤੇ ਸਹੂਲਤ ਨਾਲ ਜੋੜਦਾ ਹੈ। ਖੁੱਲ੍ਹੀਆਂ ਥਾਵਾਂ, ਸਥਾਨਕ ਸਹੂਲਤਾਂ, ਸਵਾਗਤ ਕਰਨ ਵਾਲੇ ਗੁਆਂਢੀ, ਅਤੇ ਵਿਸ਼ਾਲ ਪਹਾੜੀ ਦ੍ਰਿਸ਼ ਸਭ ਇੱਕ ਅਜਿਹੀ ਜਗ੍ਹਾ ਬਣਾਉਣ ਲਈ ਇਕੱਠੇ ਹੁੰਦੇ ਹਨ ਜੋ ਜ਼ਮੀਨੀ ਅਤੇ ਪਿਆਰ ਕਰਨ ਵਿੱਚ ਆਸਾਨ ਮਹਿਸੂਸ ਹੁੰਦੀ ਹੈ।

ਇਹ ਦੋਸਤਾਨਾ, ਜਾਣੂ ਅਤੇ ਜੀਵਨ ਨਾਲ ਭਰਪੂਰ ਹੈ, ਅਤੇ ਇਹ ਇੱਕ ਆਂਢ-ਗੁਆਂਢ ਤੋਂ ਵੱਧ ਹੈ। ਇਹ ਤੁਹਾਡਾ ਹੋਮਸਟੇਡ ਹੈ

### ਪ੍ਰੀਮੀਅਮ ਕਮਿਊਨਿਟੀ ਸਹੂਲਤਾਂ:

* 4 ਕਿਲੋਮੀਟਰ ਪੈਦਲ ਰਸਤੇ
* 19 ਏਕੜ ਕੁਦਰਤੀ ਵੈਟਲੈਂਡ
* ਖੇਡ ਦੇ ਮੈਦਾਨ ਅਤੇ ਖੇਡ ਕੋਰਟ
* ਕ੍ਰਿਕਟ ਪਿੱਚ, ਫੁੱਟਬਾਲ ਦੇ ਮੈਦਾਨ ਅਤੇ ਹੋਰ ਬਹੁਤ ਕੁੱਝ


| Duplex Homes | Rear Laned Homes | Front Drive Homes |
|---|---|---|
| FROM THE HIGH $490s | FROM THE MID $500s | FROM THE HIGH $600s |
| Partners Homes | Excel Homes & Trico Homes | Excel Homes, Genesis Builders & Trico Homes |

Visit our stylish showhomes today

Homestead
plant your roots

Find maps, hours, builders and more at LiveInHomestead.ca

# ਬਿਮਾਰੀ ਅਤੇ ਮੌਤ ਨੂੰ ਸੱਦਾ ਦੇਣ ਦੇ ਬਰਾਬਰ ਹੈ ਪਲਾਸਟਿਕ ਸਰਜਰੀ।



ਰਿਟਾ. ਏ.ਆਈ.ਜੀ. ਬਲਰਾਜ ਸਿੰਘ ਸਿੱਧੂ
ਮੋ. 9501100062

ਆਮ ਲੋਕ ਫਿਲਮੀ ਸਿਤਾਰਿਆਂ ਦੀ ਖ਼ੂਬਸੂਰਤੀ ਤੋਂ ਜਬਰਦਸਤ ਪ੍ਰਭਾਵਿਤ ਹੁੰਦੇ ਹਨ। ਤਿੱਖੇ ਨੈਣ ਨਕਸ਼, ਤਰਾਸ਼ੇ ਹੋਏ ਨੱਕ, ਯੂਨਾਨੀ ਦੇਵਤਿਆਂ ਦੀਆਂ ਮੂਰਤੀਆਂ ਵਰਗੇਮਜ਼ਬੂਤ ਜਬਾੜੇ ਅਤੇ ਦੁੱਧ ਵਰਗੀ ਸਾਫ ਸ਼ਫਾਕ ਚਮੜੀ। ਕਦੇ ਕਿਸੇ ਨੇ ਸੋਚਿਆ ਹੈ ਕਿ ਜਿਹੜੀ ਇਹ ਖ਼ੂਬਸੂਰਤੀ ਵਿਖਾਈ ਜਾ ਰਹੀ ਹੈ ਇਹ ਕਿੰਨੀ ਅਸਲੀ ਹੈ ਤੇ ਕਿੰਨੀ ਫਰਜ਼ੀ ? ਸਿਤਾਰਿਆਂ ਨੂੰ ਵੇਖ ਕੇ ਬਹੁਤ ਸਾਰੇ ਲੋਕਸੋਚਦੇ ਹਨ ਕਿ ਕਾਸ਼ ਮੇਰਾ ਨੱਕ ਵੀ ਅਜਿਹਾ ਹੁੰਦਾ, ਮੇਰੀ ਫਿਗਰ ਵੀ ਅਜਿਹੀ ਕੜਕ ਹੁੰਦੀ ਅਤੇ ਮੇਰੀ ਚਮੜੀ ਵੀ ਅਜਿਹੀ ਸਾਫ ਸ਼ਫਾਕ ਹੁੰਦੀ।ਪਰ ਅਸਲੀਅਤ ਇਹ ਹੈ ਕਿ ਇਨ੍ਹਾਂ ਸਿਤਾਰਿਆਂ ਦੀ ਜਿਸ ਖ਼ੂਬਸੂਰਤੀ ਨੂੰ ਅਸੀਂ ਰੱਬ ਵੱਲੋਂ ਬਖਸ਼ੀ ਹੋਈ ਦਾਤ ਸਮਝ ਰਹੇ ਹਾਂ, ਅਸਲ ਵਿੱਚ ਉਹ ਡਾਕਟਰਾਂ ਦੁਆਰਾ ਉਪਰੇਸ਼ਨ ਥਿਏਟਰਾਂ ਵਿੱਚ ਤਿਆਰ ਕੀਤੀ ਗਈ ਹੁੰਦੀ ਹੈ। ਹਾਲੀਵੁੱਡ - ਬਾਲੀਵੁੱਡ ਸਿਤਾਰਿਆਂ ਦੀ ਇਸ ਖ਼ੂਬਸੂਰਤੀ ਦੇ ਮਿਆਰ ਐਨੇ ਜ਼ਹਿਰੀਲੇ ਹੋ ਚੁੱਕੇ ਹਨ ਕਿ ਕੋਈ ਨੱਕ ਦੀ ਪਲਾਸਟਿਕ ਸਰਜਰੀ ਕਰਵਾ ਰਿਹਾ ਹੈ, ਕੋਈ ਬਰੈਸਟ ਨੂੰ ਵੱਡੀ ਕਰਵਾਉਂਦੀ ਹੈ, ਕੋਈਜਬਾੜੇ ਦੀ ਹੱਡੀ ਨੂੰ ਠੀਕ ਕਰਵਾਉਂਦਾ ਹੈ ਤੇ ਕੋਈ ਰੰਗ ਗੋਰਾ ਕਰਨ ਲਈ ਗਲੂਟਾਥੀਉਨ ਇੰਜੈਕਸ਼ਨ ਲਗਵਾਉਂਦਾ ਹੈ।ਝੁਰੜੀਆਂ ਖਤਮ ਕਰਨ ਲਈ ਫੇਸ ਲਿਫਟ ਸਰਜਰੀ ਅਤੇ ਬੋਟੋਕਸ ਦੇ ਟੀਕੇ ਲਗਵਾਉਣਾ,ਗੰਜਾਪਣ ਖਤਮ ਕਰਨ ਲਈ ਹੇਅਰ ਟਰਾਂਸਪਲਾਂਟ ਤੇਚਰਬੀ ਘਟਾਉਣ ਲਈ ਲਾਈਪੋਸਕਸ਼ਨ ਆਦਿ ਕਰਵਾਉਣਾ ਆਮ ਜਿਹੀ ਗੱਲ ਹੋ ਗਈ ਹੈ। ਦੁਨੀਆਂ ਦੀ ਸਭ ਤੋਂ ਖਤਰਨਾਕ ਸਰਜਰੀ ਬਰੀਜ਼ੀਲੀਅਨ ਬੱਟ ਲਿਫਟ ਸਰਜਰੀ ਹੈ ਜਿਸ ਦੁਆਰਾ ਚਾਹਵਾਨਾਂ ਦੇ ਹਿਪਸ ਵੱਡੇ ਕੀਤੇ ਜਾਂਦੇ ਹਨ। ਪਰ ਇਸ ਸਰਜ਼ਰੀ ਦੌਰਾਨ ਮਰਨ ਦੀ ਦਰ 3000 ਵਿੱਚ ਇੱਕ ਹੈ ਜੋ ਮੈਡੀਕਲ ਸਾਇੰਸ ਵਿੱਚ ਬਹੁਤ ਵੱਡੀ ਮੰਨੀ ਜਾਂਦੀ ਹੈ। ਫਿਰ ਵੀ ਹਰ ਸਾਲ ਵਿਕਸਿਤ ਦੇਸ਼ਾਂ ਵਿੱਚ ਲੱਖਾਂ ਦੀ ਗਿਣਤੀ ਵਿੱਚ ਇਹ ਸਰਜਰੀ ਕਰਵਾਈ ਜਾਂਦੀ ਹੈ ਜਿਸ ਦੇ ਫਲਸਵਰੂਪ ਅਨੇਕਾਂ ਲੋਕ ਮੌਤ ਦੇ ਮੂੰਹ ਵਿੱਚ ਜਾ ਪੈਂਦੇ ਹਨ।

ਫਿਲਮੀ ਸਿਤਾਰਿਆਂ ਦਾ ਇਹ ਪਾਗਲਪਨ ਆਮ ਨੌਜਵਾਨਾਂ ‘ਤੇ ਬਹੁਤ ਮਾਰੂ ਪ੍ਰਭਾਵ ਪਾ ਰਿਹਾ ਹੈ। 2024 ਵਿੱਚ ਕੋਇੰਬਟੂਰ ਦੀ ਅੰਮ੍ਰਿਤਾ ਵਿਸ਼ਵ ਵਿਦਿਆਪੀਠਮਯੂਨੀਵਰਸਿਟੀ ਨੇ ਇਸ ਸਬੰਧੀ ਇੱਕ ਅਧਿਐਨ ਕੀਤਾ ਤਾਂ ਪਤਾ ਚੱਲਿਆ ਕਿ 77% ਲੜਕੇ ਲੜਕੀਆਂ ਆਪਣੀ ਸਰੀਰਕ ਬਣਤਰਤੋਂ ਖੁਸ਼ ਨਹੀਂ ਹਨ। ਕਿੰਨੀ ਬੁਰੀ ਗੱਲ ਹੈ ਕਿ ਅਸੀਂ ਖੁਦ ਹੀ ਮੰਨ ਲਿਆ ਹੈ ਕਿ ਅਸੀਂ ਖ਼ੂਬਸੂਰਤ ਨਹੀਂ ਹਾਂ। ਪਲਾਸਟਿਕ ਸਰਜਰੀ ਅੱਜ ਅਰਬਾਂ ਖਰਬਾਂ ਡਾਲਰ ਦਾ ਕਾਰੋਬਾਰ ਬਣ ਚੁੱਕਿਆ ਹੈ। ਇਸ ਦਾ ਸਿਰਫ ਇੱਕ ਹੀ ਕੰਮ ਹੈ ਨਕਲੀ ਤਰੀਕੇ ਨਾਲ ਲੋਕਾਂ ਦੀ ਵਧਦੀ ਹੋਈ ਉਮਰ ਨੂੰ ਕੁਝ ਦੇਰ ਲਈ ਰੋਕ ਦੇਣਾ ਤੇ ਉਨ੍ਹਾਂ ਨੂੰ ਆਪਣੇ ਚਿਹਰੇ ਅਤੇ ਸਰੀਰ ਨਾਲ ਘਿਰਣਾ ਕਰਨ ਲਈ ਮਜ਼ਬੂਰ ਕਰਨਾ। ਸੱਚਾਈ ਇਹ ਹੈ ਕਿ ਅੱਜ 90% ਬਾਲੀਵੁੱਡ ਹੀਰੋ ਹੀਰੋਇਨਾਂ ਨੇ ਹੋਰ ਜਿਆਦਾ ਖ਼ੂਬਸੂਰਤ ਲੱਗਣ ਲਈ ਕਾਸਮੈਟਿਕ ਸਰਜਰੀ ਕਰਵਾ ਰੱਖੀ ਹੈ। ਪਰ ਦੱਖਣ ਦੇ ਸੁਪਰ ਸਟਾਰ ਕਮਲ ਹਸਨ ਦੀ ਬੇਟੀ ਸ਼ਰੁਤੀ ਹਸਨ, ਅਨੁਸ਼ਕਾ ਸ਼ਰਮਾ, ਪ੍ਰਿਅੰਕਾ ਚੋਪੜਾ, ਸ਼੍ਰੀ ਦੇਵੀ ਦੀ ਬੇਟੀ ਖੁਸ਼ੀ ਕਪੂਰ, ਰਾਖੀ ਸਾਵੰਤਅਤੇ ਸ਼ਿਲਪਾ ਸ਼ੈੱਟੀ ਨੂੰ ਛੱਡ ਕੇ ਬਹੁਤ ਘੱਟ ਸਿਤਾਰੇ ਇਸ ਨੂੰ ਸਵੀਕਾਰ ਕਰਦੇ ਹਨ।ਰਾਖੀ ਸਾਵੰਤ ਨੇ ਤਾਂ ਇੱਥੋਂ ਤੱਕ ਕਿਹਾ ਹੈ ਕਿ ਜੋ ਚੀਜਾਂ ਰੱਬ ਨਹੀਂ ਦੇਂਦਾ, ਉਹ ਡਾਕਟਰ ਦੇ ਦੇਂਦਾ ਹੈ।

ਪਰ ਕਈ ਸਿਤਾਰੇ ਅਜਿਹੇ ਹਨ ਕਿ ਜਿੰਨ੍ਹਾਂ ਨੇ ਕਦੇ ਵੀ ਇਹ ਨਹੀਂ ਮੰਨਿਆਂ ਕਿ ਉਨ੍ਹਾਂ ਨੇ ਸਰਜਰੀ ਕਰਵਾਈ ਹੈ ਪਰ ਉਨ੍ਹਾਂ ਦੀਆਂ ਪੁਰਾਣੀਆਂ ਅਤੇ ਨਵੀਆਂ ਫੋਟੋ ਵੇਖ ਕੇ ਇਹ ਗੱਲ ਸਾਫ ਪਤਾ ਲੱਗ ਜਾਂਦੀ ਹੈ। ਪਲਾਸਟਿਕ ਸਰਜਰੀ ਨਾਮ ਵੇਖ ਕੇ ਲੱਗਦਾ ਹੈ ਕਿ ਇਹ ਸ਼ਾਇਦ ਕੋਈ 40 - 50 ਸਾਲ ਪਹਿਲਾਂ ਸ਼ੁਰੂ ਹੋਈ ਹੋਵੇਗੀ ਪਰ ਅਸਲ ਵਿੱਚ ਇਹ ਹਜ਼ਾਰਾਂ ਸਾਲਾਂ ਤੋਂ ਕੀਤੀ ਜਾ ਰਹੀ ਹੈ। ਕਰੀਬ 3100 ਸਾਲ ਪਹਿਲਾਂ ਸੰਨ 600 ਬੀ.ਸੀ. ਵਿੱਚ ਸੁਸ਼ਰਤ ਨਾਮਕ ਭਾਰਤੀ ਵੈਦ ਨੇ ਪਲਾਸਟਿਕ ਸਰਜਰੀ ਸ਼ੁਰੂ ਕੀਤੀ ਸੀ। ਪਰ ਉਹ ਪਲਾਸਟਿਕ ਸਰਜਰੀ ਕਿਸੇ ਨੂੰ ਖ਼ੂਬਸੂਰਤ ਬਣਾਉਣ ਲਈ ਨਹੀਂ ਬਲਕਿ ਇਲਾਜ਼ ਵਾਸਤੇ ਸੀ।ਉਸ ਨੇ ਨੱਕ, ਅੱਖ ਅਤੇ ਚਿਹਰੇ ਦਾ ਉਪਰੇਸ਼ਨ ਕਰ ਕੇ ਠੀਕ ਕਰਨ, ਇਲਾਜ਼ ਤੋਂ ਬਾਅਦ ਦੀ ਦੇਖ ਭਾਲ ਅਤੇ ਉਪਰੇਸ਼ਨ ਦੌਰਾਨ ਬੇਹੋਸ਼ ਕਰਨ ਸਬੰਧੀ ਬਾਰੇ ਆਪਣੇ ਗ੍ਰੰਥ ਸੁਸ਼ਰਤ ਸੰਹਿਤਾ ਵਿੱਚ ਵਿਸਥਾਰ ਨਾਲ ਜਾਣਕਾਰੀ ਦਿੱਤੀ ਹੈ। ਅਸਲ ਵਿੱਚ ਪਲਾਸਟਿਕ ਸਰਜਰੀ ਵਿੱਚ ਕ੍ਰਾਂਤੀ ਦੂਸਰੇ ਸੰਸਾਰ ਯੁੱਧ ਦੌਰਾਨ ਆਈ ਸੀ। ਜੰਗ ਕਾਰਨਹਜ਼ਾਰਾਂ ਸੈਨਿਕਾਂ ਦੇ ਕੱਟੇ ਵੱਢੇ ਚਿਹਰਿਆਂ ਨੂੰ ਠੀਕ ਕਰਨ ਦੀ ਮਜ਼ਬੂਰੀ ਕਾਰਨ ਇਸ ਖੇਤਰ ਵਿੱਚ ਵੱਡੀਆਂ ਖੋਜਾਂ ਕੀਤੀਆਂ ਗਈਆਂ ਸਨ। ਇਸ ਕ੍ਰਾਂਤੀ ਦਾ ਸਿਹਰਾ ਨਿਊਜ਼ੀਲੈਂਡ ਦੇ ਸਰਜਨ ਹਾਰੋਲਡ ਗਿਲੀਜ਼ ਦੇ ਸਿਰ ਬੱਝਦਾ ਹੈ ਜਿਸ ਨੂੰ ਪਲਾਸਟਿਕ ਸਰਜਰੀ ਦਾ ਪਿਤਾਮਾ ਕਿਹਾ ਜਾਂਦਾ ਹੈ। ਉਸ ਨੇ ਨਵੀਆਂ ਤਕਨੀਕਾਂ ਨਾਲ ਹਜ਼ਾਰਾਂ ਸੈਨਿਕਾਂ ਦੇ ਚਿਹਰਿਆਂ ਦੀ ਪਲਾਸਟਿਕ ਸਰਜਰੀ ਕੀਤੀ ਜਿਸ ਕਾਰਨ ਉਹ ਸਮਾਜ ਵਿੱਚ ਆਮ ਜ਼ਿੰਦਗੀ ਬਤੀਤ ਕਰਨ ਦੇ ਕਾਬਲ ਬਣੇ। ਇਸ ਤੋਂ ਬਾਅਦ ਇਸ ਖੇਤਰ ਵਿੱਚ ਨਵੀਆਂ ਤੋਂ ਨਵੀਆਂ ਖੋਜਾਂ ਸ਼ੁਰੂ ਹੋ ਗਈਆਂ ਤੇ ਹਾਲੀਵੁੱਡ ਵਿੱਚ ਪਲਾਸਟਿਕ ਸਰਜਰੀ ਹਰਮਨਪਿਆਰੀ ਹੋਣ ਲੱਗ ਪਈ। ਪਰ ਫਰਕ ਇਹ ਸੀ ਕਿ ਹੁਣ ਸਰਜਰੀ ਕਿਸੇ ਸੱਟ ਨੂੰ ਠੀਕ ਕਰਨ ਲਈ ਨਹੀਂ ਸਗੋਂ ਖ਼ੂਬਸੂਰਤ ਲੱਗਣ ਲਈਕੀਤੀ ਜਾਣ ਲੱਗੀ ਸੀ। ਅਮਰੀਕਾ ਵਿੱਚ ਪਲਾਸਟਿਕ ਸਰਜਰੀ ਕਰਨ ਵਾਲੇ ਕਲੀਨਿਕ ਖੁੰਬਾਂ ਵਾਂਗ ਉੱਗਣ ਲੱਗ ਪਏ ਤੇ 1980 ਤੱਕ ਇਹ ਅਰਬਾਂ ਖਰਬਾਂ ਡਾਲਰ ਦਾ ਕਾਰੋਬਾਰ ਬਣ ਗਿਆ। ਖ਼ੂਬਸੂਰਤੀ ਕੀ ਹੈ, ਇਹ ਇੱਕ ਬਹੁਤ ਗੁੰਝਲਦਾਰ ਸਵਾਲ ਹੈ ਤੇ ਹਰੇਕ ਸਮਾਜ ਵਿੱਚ ਇਸ ਦੇ ਅਰਥ ਅਲੱਗ ਅਲੱਗ ਹਨ। ਅਫਰੀਕਾ ਵਿੱਚ ਮੋਟੇ ਬੁੱਲ ਹੋਣ ਨੂੰ, ਭਾਰਤ ਵਿੱਚ ਮੋਟੀਆਂ ਅੱਖਾਂ ਤੇ ਚੀਨੀ ਨਸਲ ਵਿੱਚ ਤਿੱਖੀਆਂ ਤੇ ਛੋਟੀਆਂ ਅੱਖਾਂ ਨੂੰ ਖ਼ੂਬਸੂਰਤੀ ਨਿਸ਼ਾਨੀ ਮੰਨਿਆਂ ਜਾਂਦਾ ਹੈ। ਬਰਮਾ ਦੇ ਇੱਕ ਕਬੀਲੇ ਵਿੱਚ ਲੜਕੀਆਂ ਦੀਆਂ ਗਰਦਨਾਂ ਧਾਂਤ ਦੇ ਛੱਲੇ ਪਾ ਕੇ ਬਤਖ ਵਾਂਗ ਲੰਬੀਆਂ ਕਰ ਦਿੱਤੀਆਂ ਜਾਂਦੀਆਂ ਹਨ। ਉੱਤਰੀ ਭਾਰਤ ਵਿੱਚ ਗੋਰੇ ਤੇ ਦੱਖਣੀ ਭਾਰਤ ਵਿੱਚ ਕਾਲੇ ਰੰਗ ਨੂੰ ਖ਼ੂਬਸੂਰਤੀ ਦਾ ਪ੍ਰਤੀਕ ਮੰਨਿਆਂ ਜਾਂਦਾ ਹੈ। 1990ਵਿਆਂ ਵਿੱਚ ਜ਼ੀਰੋ ਫਿੱਗਰ (ਪੈਨਸਿਲ ਵਰਗੀਆਂ ਪਤਲੀਆਂ ਲੜਕੀਆਂ) ਨੂੰ ਖ਼ੂਬਸੂਰਤ ਮੰਨਿਆਂ ਜਾਂਦਾ ਸੀ ਜਦ ਕਿ ਅੱਜ ਕਲ੍ਹ ਸਿਹਤਮੰਦ ਲੜਕੀਆਂ ਨੂੰ। ਹਾਲੀਵੁੱਡ ਵਿੱਚਪਲਾਸਟਿਕ ਸਰਜਰੀ ਐਨੀ ਨਾਰਮਲ ਹੋ ਚੁੱਕੀ ਹੈ ਜਿਸ ਬਾਰੇ ਹੁਣ ਕੋਈ ਗੱਲ ਵੀ ਨਹੀਂ ਕਰਦਾ ਪਰ ਬਾਲੀਵੁੱਡ ਵਿੱਚ ਇਹ ਅਜੇ ਵੀ ਇੱਕ ਹਊਆ ਹੈ। ਪਲਾਸਟਿਕ ਸਰਜਰੀ ਕਰਾਉਣ ਵਾਲੇ ਹੀਰੋ ਹੀਰੋਇਨਾਂ ਬਾਰੇ ਪਿੱਠ ਪਿੱਛੇ ਚੁਗਲੀਆਂ ਕੀਤੀ ਜਾਂਦੀਆਂ ਹਨ ਤੇ ਗਾਸਿਪ ਮੈਗਜ਼ੀਨਾਂ ਵਿੱਚ ਛਾਪਿਆ ਜਾਂਦਾ ਹੈ। ਬਾਲੀਵੁੱਡ ਦੇ ਸਿਤਾਰੇ (ਕੁਝ ਕੁ ਨੂੰ ਛੱਡ ਕੇ) ਸਰਜਰੀ ਕਰਵਾਉਣ ਬਾਰੇ ਬਿਲਕੁਲ ਵੀ ਨਹੀਂ ਮੰਨਦੇਪਰ ਉਨ੍ਹਾਂ ਦੀਆਂ ਪੁਰਾਣੀਆਂ ਤੇ ਨਵੀਆਂ ਤਸਵੀਰਾਂ ਵੇਖ ਕੇ ਇਹ ਗੱਲ ਸਪਸ਼ਟ ਹੋ ਜਾਂਦੀ ਹੈ ਕਿ ਸਰਜਰੀ ਕਰਵਾਈ ਗਈ ਹੈ। ਮਿਸਾਲ ਦੇ ਤੌਰ ‘ਤੇ ਉਰਵਸ਼ੀ ਰੌਤੇਲਾ, ਆਇਸ਼ਾ ਟਕੀਆ ਤੇ ਮੌਨੀ ਰਾਏ ਆਦਿ ਦੇ ਪਹਿਲਾਂ ਦੇ ਨੱਕ, ਗੱਲ੍ਹਾਂ ਦੀਆਂ ਹੱਡੀਆਂ ਅਤੇ ਹੋਂਠਾਂ ਵਿੱਚ ਜ਼ਮੀਨ ਅਸਮਾਨ ਦਾ ਫਰਕ ਹੈ। ਸਿਰਫ ਹੀਰੋਇਨਾਂ ਹੀ ਨਹੀਂ, ਬਲਕਿ ਐਕਟਰ ਵੀ ਅਜਿਹੀਆਂ ਸਰਜਰੀਆਂ ਕਰਵਾ ਰਹੇ ਹਨ ਜਿਨ੍ਹਾਂ ਵਿੱਚ ਪ੍ਰਮੁੱਖ ਟਾਈਗਰ ਸ਼ਰਾਫ ਅਤੇ ਰਾਜ ਕੁਮਾਰ ਰਾਉ ਹਨ। ਰਾਜ ਕੁਮਾਰ ਰਾਉ ਨੇ ਤਾਂ ਇਹ ਗੱਲ ਸਵੀਕਾਰ ਵੀ ਕੀਤੀ ਹੈ। 60 ਸਾਲ ਦੀ ਉਮਰ ਵਿੱਚ ਵੀ ਆਮਿਰ ਖਾਨ, ਸਲਮਾਨ ਖਾਨ ਅਤੇ ਸ਼ਾਹਰੁਖ ਖਾਨ ਆਦਿ ਵਰਗੇ ਸਟਾਰਾਂ ਦੇ ਚਿਹਰਿਆਂ ‘ਤੇ ਝੁਰੜੀਆਂ ਦਿਖਾਈ ਨਾ ਦੇਣ ਦਾ ਕਾਰਨਬੋਟੋਕਸ ਇੰਜੈਕਸ਼ਨ ਹੈ। ਬੋਟੋਕਸ ਇੱਕ ਕਿਸਮ ਦਾ ਨਿਊਰੋਟਾਕਸਿਨ ਜ਼ਹਿਰ ਹੁੰਦਾ ਹੈ ਜੋ ਚਮੜੀ ਨੂੰ ਖਿੱਚ ਕੇ ਟਾਈਟ ਕਰ ਦੇਂਦਾ ਹੈ। ਵੈਸੇ ਤਾਂ ਇਹ ਬਹੁਤ ਜ਼ਹਿਰੀਲਾ ਹੁੰਦਾ ਹੈ ਪਰ ਛੋਟੀ ਮਾਤਰਾ ਵਿੱਚ ਵਰਤਣ ਕਾਰਨ ਹਾਨੀ ਰਹਿਤ ਹੋ ਜਾਂਦਾ ਹੈ। ਇਸ ਦਾ ਇੱਕ ਮਾੜਾ ਪੱਖ ਇਹ ਹੈ ਕਿ ਇਸ ਨੂੰ ਹਰ ਦੋ ਤਿੰਨ ਮਹੀਨੇ ਬਾਅਦ ਲਗਵਾਉਣਾ ਪੈਂਦਾ ਹੈ। ਪਰ ਜਦੋਂ ਬਾਕੀ ਦਾ ਸਰੀਰ ਹੀ ਢਲਕ ਜਾਵੇ ਤਾਂ ਇਕੱਲਾ ਝੁਰੜੀ ਰਹਿਤ ਚਿਹਰਾ ਬੁਢਾਪੇ ਨੂੰ ਲੁਕਾ ਨਹੀਂ ਸਕਦਾ। ਇੱਕ ਹੋਰ ਖਤਰਨਾਕ ਸਰਜਰੀ ਜੋ ਭਾਰਤੀ ਹੀਰੋਇਨਾਂ ਵਿੱਚ ਬਹੁਤ ਮਕਬੂਲ ਹੈ ਉਹ ਹੈ ਚਮੜੀ ਗੋਰੀ ਕਰਨ ਵਾਲੀ ਸਕਿੱਨ ਲਾਈਟਨਿੰਗ ਟਰੀਟਮੈਂਟ ਜੋ ਗਿਲੂਟਾਥਾਈਉਨ ਨਾਮਕ ਟੀਕਾ ਲਗਵਾ ਕੇ ਕੀਤੀਜਾਂਦੀ ਹੈ।ਇਨ੍ਹਾਂ ਵਿੱਚ ਸ਼ਾਮਲ ਹਨ ਕਾਜੋਲ, ਪ੍ਰਿਅੰਕਾ ਚੋਪੜਾ, ਸ਼ਿਲਪਾ ਸ਼ੈੱਟੀ, ਦੀਪਿਕਾ ਪਾਦੂਕੋਨ, ਸ੍ਰੀ ਦੇਵੀ, ਬਿਪਾਸ਼ਾ ਬਾਸੂ ਅਤੇ ਰੇਖਾ ਆਦਿ। ਫਿਲਮੀ ਕੈਰੀਅਰ ਦੀ ਸ਼ੁਰੂਆਤ ਵਿੱਚ ਇਨ੍ਹਾਂ ਦਾ ਰੰਗ ਕਾਫੀ ਡਾਰਕ ਸੀ ਜੋ ਹੁਣ ਬਹੁਤ ਗੋਰਾ ਦਿਖਾਈ ਦੇਂਦਾ ਹੈ ਪਰ ਇਨ੍ਹਾਂ ਵਿੱਚੋਂ ਕੋਈ ਵੀ ਇਸ ਗੱਲ ਨੂੰ ਨਹੀਂ ਮੰਨਦੀ। ਕਾਜੋਲ ਨੇ ਇੱਕ ਇੰਟਰਵਿਊ ਵਿੱਚ ਇਨਕਾਰ ਕਰਦੇ ਹੋਏ ਕਿਹਾ ਸੀ ਕਿ ਪਹਿਲਾਂ ਉਹ ਧੁੱਪ ਵਿੱਚ ਬਹੁਤ ਕੰਮ ਕਰਦੀ ਸੀ ਜਿਸ ਕਾਰਨ ਉਸ ਦਾ ਰੰਗ ਕਾਲਾ ਹੋ ਗਿਆ ਸੀ, ਪਰ ਹੁਣ ਉਹ ਜਿਆਦਾਤਰ ਛਾਂ ਵਿੱਚ ਰਹਿੰਦੀ ਹੈ। ਗਿਲੂਟਾਥਾਈਉਨ ਟੀਕਾ ਐਨਾ ਜ਼ਹਿਰੀਲਾ ਹੈ ਕਿ ਗਲਤ ਤਰੀਕੇ ਅਤੇ ਜਿਆਦਾ ਮਾਤਰਾ ਵਿੱਚ ਲਗਾ ਦੇਣ ਨਾਲ ਵਿਅਕਤੀ ਦੀ ਮੌਤ ਵੀ ਹੋ ਸਕਦੀ ਹੈ। ਕਾਂਟਾ ਲੱਗਾ ਗਾਣੇ ਤੋਂ ਵਿਸ਼ਵ ਪ੍ਰਸਿੱਧ ਹੋਣ ਵਾਲੀ ਡਾਂਸਰ ਸ਼ੈਫਾਲੀ ਜ਼ਰੀਵਾਲਾ ਦੀ ਮੌਤ (27 ਜੂਨ 2025) ਇਸੇ ਟੀਕੇ ਕਾਰਨ ਹੋਣ ਵਾਲੀ ਐਲਰਜੀ ਨਾਲ ਹੋਈ ਸੀ। ਵਿਸ਼ਵ ਵਿੱਚ ਅਜਿਹੇ ਕਈ ਹੋਰ ਵੀ ਵਾਕਿਆ ਹੋ ਚੁੱਕੇ ਹਨ ਪਰ ਫਿਲਮ ਇੰਡਸਟਰੀ ਅਤੇ ਹਾਈ ਸੁਸਾਇਟੀ ਦੀ ਚਮਕ ਦਮਕ, ਪੈਸਾ, ਸਟੇਟਸ ਅਤੇ ਪ੍ਰਸਿੱਧੀ ਕਾਰਨ ਵੱਧ ਤੋਂ ਵੱਧ ਲੋਕ ਪਲਾਸਟਿਕ ਸਰਜਰੀ ਵੱਲ ਖਿੱਚੇ ਚਲੇ ਆ ਰਹੇ ਹਨ।






# 9 ਮਈ 2026 ਨੂੰ ਕੈਲਗਰੀ ਵਿਖੇ ਕੱਢੇ ਜਾਣ ਵਾਲੇ ਵਿਸਾਖੀ ਦੇ ਨਗਰ ਕੀਰਤਨ ਸਬੰਧੀ ਬੇਨਤੀਆਂ

1- ਗੁਰੂਘਰ ਦੇ ਨੇੜੇ ਤੇੜੇ ਕੋਈ ਵੀ ਗੱਡੀ ਉਸ ਦਿਨ ਪਾਰਕਿੰਗ ਨਾ ਕਰੋ । ਹੋ ਸਕੇ ਤਾਂ ਬੱਸ ਜਾਂ ਕਿਸੇ ਤੋਂ ਰਾਈਡ ਦਾ ਪ੍ਰਬੰਧ ਕਰੋ ।

2- ਕਦੀ ਵੀ ਸੜਕ ਜਾਂ ਗਲੀ ਨੂੰ ਅਚਾਨਕ ਪਾਰ ਕਰਨ ਦੀ ਕੋਸਿਸ ਨਾ ਕਰੋ। ਸਿਰਫ ਪੁਲਿਸ ਜਾਂ ਸਕਿਓਰਟੀ ਗਾਰਡ ਦੀ ਨਿਗਰਾਨੀ ਹੇਠ ਹੀ ਸੜਕ ਪਾਰ ਕਰੋ। ਕੋਸਿਸ ਕਰੋ ਕਿ ਸੜਕ ਪਾਰ ਕਰਨ ਲਈ ਕਰੌਸਵਾਕ ਜਾਂ ਇੰਟਰਸੈਕਸਨ ਵਾਲੀ ਜਗ੍ਹਾ ਹੀ ਵਰਤੀ ਜਾਵੇ।

3- ਸੇਵਾਦਾਰਾਂ ਦੀ ਗੱਲ ਸੁਣੋ ਅਤੇ ਕਦੇ ਵੀ ਘਾਹ ਉੱਤੇ ਨਾ ਤੁਰੋ, ਜੇਕਰ ਤੁਸੀਂ ਉਸ ਦਿਨ ਹੋਰ ਘਰਾਂ ਦੇ ਲੋਕਾਂ ਦਾ ਘਾਹ ਮਿੱਧ ਦੇਵੋਂਗੇ ਤਾਂ ਆਪਣੇ ਇਸ ਨਗਰ ਕੀਰਤਨ ਦਾ ਉਹਨਾਂ ਲੋਕਾਂ ਦੇ ਦਿਲਾਂ ਉੱਤੇ ਮਾੜਾ ਪ੍ਰਭਾਵ ਪਵੇਗਾ। ਅਫਰਾ ਤਫਰੀ ਫੈਲਾਉਣ ਦੀ ਬਜਾਇ ਲਾਈਨਾਂ ਬੰਨਕੇ ਤੁਰਨਾ ਸਿੱਖੋ। ਉਸ ਦਿਨ ਤੁਹਾਡੀ ਡਿਊਟੀ ਬਣਦੀ ਹੈ ਕਿ ਕਿਸੇ ਸੇਵਾਦਾਰ ਨੂੰ ਤੁਹਾਨੂੰ ਕਿਸੇ ਗੱਲੋਂ ਰੋਕਣਾ ਟੋਕਣਾ ਨਾ ਪਵੇ ਸਗੋਂ ਤੁਸੀਂ ਖੁਦ ਹੀ ਅਜਿਹਾ ਮਾਹੌਲ ਦੇਵੋ ਕਿ ਹਰ ਬੰਦਾ ਆਪਣੇ ਆਪ ਨੂੰ ਉਸ ਦਿਨ ਸੇਵਾਦਾਰ ਹੀ ਸਮਝੇ। ਗਾਰਵੇਜ ਸੁੱਟਣ ਲਈ ਜੇਕਰ ਲਗਾਏ ਹੋਏ ਕਾਲੇ ਬੈਗ ਭਰ ਜਾਂਦੇ ਹਨ ਤਾਂ ਆਮ ਤੌਰ 'ਤੇ ਦੇਖਿਆ ਜਾਂਦਾ ਹੈ ਕਿ ਲੋਕ ਬਾਹਰ ਹੀ ਲਿਬੜੀਆਂ ਹੋਈਆਂ ਕਾਲੀ ਪਲੇਟਾਂ ਬੈਗ ਦੇ ਕੋਲ ਢੇਰ ਲਗਾ ਦਿੰਦੇ ਹਨ। ਉਸ ਵੇਲੇ ਤੁਹਾਡਾ ਫਰਜ਼ ਬਣਦਾ ਹੈ ਕਿ ਉਸ ਭਰੇ ਹੋਏ ਬੈਗ ਨੂੰ ਵੱਡੇ ਬਿਨ ਵਿੱਚ ਸੁੱਟ ਦੇਵੋ ਅਤੇ ਨਵਾਂ ਬੈਗ ਲਗਾ ਦਿਓ। ਪਾਣੀ ਜੂਸ ਵਾਲੀਆਂ ਬੋਤਲਾਂ ਸਿਰਫ ਰੀ ਸਾਈਕਲ ਵਾਲੇ ਬੈਗਾਂ ਵਿੱਚ ਹੀ ਸੁਟੋ।

4- ਖਾਲਸਾਈ ਪ੍ਰਤੀਕ ਦਸਤਾਰਾਂ ਅਤੇ ਦੁਪੱਟੇ ਸਜਾਕੇ ਆਉਣ ਦੀ ਕੋਸ਼ਿਸ਼ ਕਰਿਓ।

5- ਦਾਨ ਦੇਣ ਵੇਲੇ ਇਹਨਾਂ ਗੱਲਾਂ ਦਾ ਖਿਆਲ ਰੱਖਣਾ:- ਲੰਗਰ ਲਈ ਪਲੇਟਾਂ,ਗਲਾਸ, ਚਮਚੇ,ਹੱਥ ਸਾਫ ਕਰਨ ਲਈ ਪੇਪਰ,ਆਦਿ ਗੁਰੂਘਰ ਦੇ ਪ੍ਰਬੰਧਕਾਂ ਕੋਲੋਂ ਕਿ ਕਿਸ ਕਿਸਮ ਦਾ ਮੈਟੀਰੀਅਲ ਹੋਵੇ ਪਹਿਲਾਂ ਪੁੱਛਕੇ ਦੇਵੋ ।

6- ਘਰ ਵਿੱਚ ਤਿਆਰ ਕੀਤਾ ਕੋਈ ਵੀ ਫੂਡ ਉਸ ਦਿਨ ਗੁਰੂਘਰ ਨਾ ਲੈਕੇ ਆਵੋ ਜੀ ਸਗੋਂ ਜੇ ਕਰ ਕਿਸੇ ਰੈਸਟੋਰੈਂਟ ਤੋਂ ਵੱਡੀ ਮਾਤਰਾ ਵਿੱਚ ਦਾਨ ਦੇਣ ਲਈ ਫੂਡ ਲਿਆਉਣਾ ਹੈ ਤਾਂ ਪਹਿਲਾਂ ਗੁਰੂਘਰ ਦੇ ਲੰਗਰ ਦੇ ਸੇਵਾਦਾਰਾਂ ਨਾਲ ਸੰਪਰਕ ਜਰੂਰ ਕਰ ਲਵੋ ਜੀ।

7- ਫੂਡ ਬੈਂਕ ਵਿੱਚ ਦਾਨ ਲਈ ਡੱਬਾ ਬੰਦ ਫੂਡ ਦੀ ਹੀ ਵਰਤੋਂ ਕਰੋ ਜੀ।

8- ਨਗਰ ਕੀਰਤਨ ਵਿੱਚ ਹੋਰ ਵੀ ਬਹੁਤ ਸਾਰੀਆਂ (ਇੰਡੀਆਂ ਤੋਂ ਬਿਨਾ) ਕਮਿਓਨਿਟੀਆਂ ਵੀ ਹਿੱਸਾ ਲੈਂਦੀਆਂ ਹਨ । ਗੁਰੂ ਮਹਾਰਾਜ ਦੇ ਸਤਿਕਾਰ ਲਈ ਬਹੁਤ ਹੀ ਪਿਆਰ ਨਾਲ ਉਹਨਾਂ ਨੂੰ ਸਿਰ ਢੱਕਣ ਲਈ ਪ੍ਰੇਰਿਤ ਕਰੋ। ਕਦੀ ਵੀ ਉਸ ਨਾਲ ਰੁੱਖਾ ਵਤੀਰਾ ਨਾ ਕਰੋ ਕਿ ਤੂੰ ਸਿਰ ਕਿਓਂ ਨਹੀਂ ਢਕਿਆ ਹੋ ਸਕਦੈ ਉਹ ਪਹਿਲੀ ਬਾਰ ਇਸ ਪਰੇਡ ਵਿੱਚ ਸਾਮਿਲ ਹੋਇਆ ਹੋਵੇ ਅਤੇ ਉਸ ਨੂੰ ਸਿੱਖ ਧਰਮ ਬਾਰੇ ਕੋਈ ਜਾਣਕਾਰੀ ਨਾ ਹੋਵੇ! ਜੇਕਰ ਤੁਹਾਨੂੰ ਉਸ ਨਾਲ ਗੱਲਬਾਤ ਕਰਨ ਲਈ ਅੰਗਰੇਜੀ ਨਹੀਂ ਆਉਂਦੀ ਤਾਂ ਕਿਸੇ ਆਪਣੀ ਕਮਿਓਨਟੀ ਦੇ ਕਿਸੇ ਅੰਗਰੇਜ਼ੀ ਜਾਨਣ ਵਾਲੇ ਵਿਅਕਤੀ ਦੀ ਮੱਦਦ ਲੈ ਲਵੋ।

9- ਬੱਚਿਆਂ ਦੀ ਜੇਬ ਵਿੱਚ ਫੋਨ ਨੰਬਰ ਜਰੂਰ ਲਿਖਕੇ ਪਾਵੋ ਤਾਂ ਕਿ ਗੁੰਮ ਹੋ ਜਾਣ ਮੌਕੇ ਤੁਹਾਡੇ ਨਾਲ ਸੰਪਰਕ ਕੀਤਾ ਜਾ ਸਕੇ। ਕੋਸਿਸ ਕਰੋ ਕਿ ਉਸ ਦਿਨ ਜਿਹੜੇ ਕੱਪੜੇ ਬੱਚੇ ਨੇ ਪਹਿਨੇ ਹੋਣ ਉਹਨਾਂ ਕੱਪੜਿਆਂ ਵਾਲੀ ਫੋਟੋ ਵੀ ਆਪਣੇ ਸੈਲ ਫੋਨ ਵਿੱਚ ਜਰੂਰ ਖਿੱਚਕੇ ਰੱਖੋ।

10- ਆਪਣੀ ਅਤੇ ਹੋਰਾਂ ਦੀ ਸੁਰੱਖਿਆ ਕਰਨਾ ਹਰ ਸਿੱਖ ਦਾ ਫਰਜ਼ ਹੈ। ਜੇਕਰ ਤੁਹਾਨੂੰ ਕੋਈ ਵਿਆਕਤੀ ਸ਼ੱਕੀ ਲੱਗਦਾ ਹੈ ਜਾਂ ਕੋਈ ਵੀ ਚੀਜ ਨਗਰ ਕੀਰਤਨ ਦੇ ਰਸਤੇ ਵਿੱਚ ਜਾਂ ਗਰਾਉਂਡਾਂ ਵਿੱਚ ਦਿਖਾਈ ਦਿੰਦੀ ਹੈ ਤਾਂ ਹਫੜਾ ਦਫੜੀ ਨਹੀਂ ਮਚਾਉਣੀ ਸਗੋਂ ਉਸ ਨੂੰ ਕੰਟਰੋਲ ਕਰਨ ਲਈ ਪੁਲਿਸ ਜਾਂ ਨਗਰ ਕੀਰਤਨ ਦੇ ਕਿਸੇ ਵਾਲੰਟੀਅਰ ਨੂੰ ਸੂਚਿਤ ਕਰ ਸਕਦੇ ਹੋ।

11-ਆਪਣੇ ਆਲੇ ਦੁਆਲੇ ਜੇਕਰ ਤੁਹਾਨੂੰ ਕੋਈ ਗਾਰਬੇਜ ਦਾ ਟੁਕੜਾ,ਝੂਠਾ ਬਰਤਨ, ਕਾਗਜ,ਜਾਂ ਪਾਣੀ ਵਾਲੀ ਖਾਲੀ ਬੋਤਲ ਨਜ਼ਰ ਆਵੇ ਤਾਂ ਸਾਫ ਸਫਾਈ ਨੂੰ ਮੁੱਖ ਰੱਖਦੇ ਹੋਏ ਆਪਣੀ ਜਿੰਮੇਬਾਰੀ ਸਮਝੋ ਕਿ ਉਸ ਨੂੰ ਕਿਸੇ ਗਾਰਬੇਜ ਬੈਗ ਵਿੱਚ ਪਾਵੋ ਤ ਾਂਕਿ ਨਗਰ ਕੀਰਤਨ ਦੀ ਸਮਾਪਤੀ ਉਪਰੰਤ ਸਾਡੇ ਭਾਈਚਾਰੇ ਉੱਪਰ ਕਿਸੇ ਕਿਸਮ ਦਾ ਸਫਾਈ ਪ੍ਰਤੀ ਉਲਾਂਭਾ ਨਾ ਆਵੇ।












# ਬਜ਼ੁਰਗਾਂ ਦੀ ਸੰਸਥਾ "ਸਾਕਾ" ਨੇ ਵਿਸਾਖੀ ਦਾ ਦਿਹਾੜਾ ਬੜੀ ਧੂਮ ਧਾਮ ਨਾਲ ਮਨਾਇਆ



ਕੈਲਗਰੀ (ਪੰਜਾਬੀ ਅਖਬਾਰ ਬਿਊਰੋ ) ਬੀਤੀ ਤਿੰਨ ਮਈ 2026 ਨੂੰ ਸਾਕਾ ਦੇ ਪ੍ਰਧਾਨ ਸੈਮ ਸਹੋਤਾ ਦੀ ਪ੍ਰਧਾਨਗੀ ਹੇਠ ਟੈਂਪਲ ਕਮਿਊਨਿਟੀ ਹਾਲ ਵਿੱਚ ਕਮੇਟੀ ਮੈਂਬਰਾਂ ਦੇ ਸਹਿਯੋਗ ਨਾਲ ਵਿਸਾਖੀ ਦਾ ਦਿਹਾੜਾ ਬੜੀ ਧੂਮ ਧਾਮ ਨਾਲ ਮਨਾਇਆ ਗਿਆ। ਕਨੇਡਾ ਦੇ ਰਾਸ਼ਟਰੀ ਗੀਤ ਅਤੇ ਇੰਡੀਆ ਰਾਸ਼ਟਰੀ ਗੀਤ ਨਾਲ ਪ੍ਰੋਗਰਾਮ ਦੀ ਸ਼ੁਰੂਆਤ ਕੀਤੀ ਗਈ। ਧਾਰਮਿਕ ਸ਼ਬਦ " ਦੇਹਿ ਸ਼ਿਵਾ ਵਰ ਮੋਹ ਇਹੈ" ਦਾ ਗਾਇਨ ਕੀਤਾ ਗਿਆ। ਜਗਦੀਸ਼ ਕੌਰ ਸਰੋਆ, ਜਸਵੰਤ ਸਿੰਘ ਸੇਖੋਂ, ਡਾਕਟਰ ਜੋਗਾ ਸਿੰਘ, ਡਾਕਟਰ ਹਰਮਿੰਦਰ, ਸਿੰਘ ਸੋਹਣ ਸਿੰਘ ਭੁੱਚੋ, ਸੁਖਵਿੰਦਰ ਸਿੰਘ ਤੂਰ, ਸੁਖਵਿੰਦਰ ਗਿੱਲ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਨਾਲ ਸੰਬੰਧਿਤ ਘਟਨਾਵਾਂ ਨੂੰ ਕਵੀਸ਼ਰੀ ਅਤੇ ਗੀਤਾ ਕਵਿਤਾਵਾਂ ਰਾਹੀਂ ਵਰਣਨ ਕੀਤਾ। ਰੇਡੀਓ ਹੋਸਟ ਰਿਸ਼ੀ ਨਾਗਰ, ਇਰਫਾਨ ਸ਼ਬੀਰ ਐਮਐਲਏ, ਕੌਂਸਲਰ ਰਾਜ ਧਾਲੀਵਾਲ, ਡਾਕਟਰ ਬਲਵਿੰਦਰ ਕੌਰ ਬਰਾੜ, ਦਰਸ਼ਨ ਸਿੰਘ ਧਾਲੀਵਾਲ,ਅਤੇ ਗੁਰਬਚਨ ਸਿੰਘ ਬਰਾੜ ਨੇ ਵਿਸਾਖੀ ਸਬੰਧੀ ਆਪਣੇ ਵਿਚਾਰ ਪੇਸ਼ ਕੀਤੇ। ਲਲਿਤਾ ਜੀ ਨੇ ਸਰਕਾਰੀ ਫੰਡਾਂ ਬਾਰੇ ਜੋ ਸੁਸਾਇਟੀਆਂ ਨੂੰ ਦਿੱਤੇ ਜਾਂਦੇ ਹਨ ਪੂਰੇ ਵੇਰਵੇ ਨਾਲ ਦੱਸਿਆ ਅਤੇ ਵਿਸਾਖੀ ਦੇ ਤਿਉਹਾਰ ਸਬੰਧੀ ਜੋ ਹੋਰਨਾਂ ਦੇਸ਼ਾਂ ਵਿੱਚ ਵੀ ਕਿਸ ਢੰਗ ਨਾਲ ਮਨਾਈ ਜਾਂਦੀ ਹੈ ਇਸ ਬਾਰੇ ਵੀ ਆਪਣੇ ਵਿਚਾਰ ਰੱਖੇ। ਮਨਦੀਪ ਕੌਰ ਸੰਘਾ ਨੇ ਬੜੀ ਸੁਰੀਲੀ ਅਤੇ ਬੁਲੰਦ ਆਵਾਜ਼ ਵਿੱਚ "ਜੁੱਤੀ ਕਸੂਰੀ ਪੈਰੀ ਨਾ ਪੂਰੀ" ਗੀਤ ਗਾ ਕੇ ਵਿਸਾਖੀ ਮੇਲਾ ਲੁੱਟਿਆ। ਸਰਬਜੀਤ ਕੌਰ ਉਪਲ ਅਤੇ ਉਸਦੀ ਸਾਥਣ ਨੇ "ਮੇਲੇ ਨੂੰ ਚੱਲ ਮੇਰੇ ਨਾਲ ਕੁੜੇ" ਗੀਤ ਉੱਪਰ ਡਾਂਸ ਕਰਕੇ ਸਾਰੇ ਹਾਲ ਕੋਲੋਂ ਤਾੜੀਆਂ ਖੱਟੀਆਂ। ਅੱਜ ਦੇ ਸਮਾਗਮ ਵਿੱਚ ਇੰਕਾ ਸੀਨੀਅਰ ਸੋਸਾਇਟੀ, ਗਲੋਬਲ ਪ੍ਰਵਾਸੀ ਸੀਨੀਅਰ ਸੁਸਾਇਟੀ, ਇੰਡੀਅਨ ਐਕਸ ਸਰਵਿਸਮੈਨ, ਕੈਲਗਰੀ ਵੋਮੈਨ ਕਲਚਰਲ ਸੋਸਾਇਟੀ, ਦਸ਼ਮੇਸ਼ ਸੀਨੀਅਰ ਕਲਚਰ ਸੋਸਾਇਟੀ, ਸ਼ਬਦ ਸਾਂਝ ਅਤੇ ਹੋਰ ਸੁਸਾਇਟੀਆਂ ਦੇ ਮੈਂਬਰਾਂ ਨੇ ਹਿੱਸਾ ਲਿਆ। ਪ੍ਰੋਗਰਾਮ ਦੇ ਅਖੀਰ ਵਿੱਚ ਗਿੱਧੇ ਦੀ ਟੀਮ ਨੇ ਪੂਰਾ ਰੰਗ ਬੰਨਿਆ। ਹਰਦੀਪ ਸਿੰਘ ਸਿੱਧੂ ਨੇ ਸਾਰੇ ਆਏ ਹੋਇਆਂ ਦਾ ਧੰਨਵਾਦ ਕੀਤਾ। ਕਮੇਟੀ ਮੈਂਬਰ ਰਵਿੰਦਰ ਸਿੰਘ ਚਾਹਲ, ਜਸਵੰਤ ਸਿੰਘ ਸਿੱਧੂ, ਨਿਰਮਲ ਸਿੰਘ ਕੱਲ੍ਹਾ, ਮਨਜੀਤ ਸਿੰਘ ਚਾਹਲ, ਬਲਵੀਰ ਕੌਰ ਹਜ਼ੂਰੀਆ ਅਤੇ ਹੋਰ ਮੈਂਬਰਾਂ ਨੇ ਆਪਣੀ ਡਿਊਟੀ ਨੂੰ ਪੂਰੀ ਤਨਦੇਹੀ ਨਾਲ ਨਿਭਾਇਆ। ਸਟੇਜ ਦਾ ਬੜੇ ਸੱਜੇ ਢੰਗ ਨਾਲ ਸੰਚਾਲਨ ਗੁਰਮੇਲ ਸਿੰਘ ਸੰਧੂ ਨੇ ਕੀਤਾ। ਚਾਹ ਪਾਣੀ ਅਤੇ ਸ਼ਾਮ ਦੇ ਖਾਣੇ ਦਾ ਪੂਰਾ ਪ੍ਰਬੰਧ ਸੀ ।

CHANDIGARH DRIVING SCHOOL
Don't Learn Safety by Accident
Class 1, 3 & 5
Brush up 1, 3 & 5
Certification Courses
Air Brake (Q endorsement)
Advance Training Course
Car & Tractor Trailor for Road Test
RAVINDER SINGH SOHI
Alberta Certified Class 1,3,5
(Driving Instructor)
We Can Speak English, German, Punjabi, Hindi & Urdu
STOP
We have 24 years Experience
Auto & Manual Truck For Training
ਵਧੀਆ ਸੇਵਾਵਾਂ, ਵਾਜਬ ਕੀਮਤਾਂ
ਚੰਡੀਗੜ੍ਹ ਡਰਾਈਵਿੰਗ ਸਕੂਲ
Ph.:403-826-9150
ਸੈਕਟਰ 9 ਚੰਡੀਗੜ੍ਹ ਦੇ ਜੰਮਪਲ ਰਵਿੰਦਰ ਸਿੰਘ ਸੋਹੀ ਨੇ ਖੋਲ੍ਹ ਦਿੱਤਾ
Email : cdscalgary@yahoo.ca

ਕਰਜ਼ਾ ਸਿਰ ਚੜ੍ਹ ਜਾਵੇ ਤਾਂ ਘਬਰਾਉਣ ਦੀ ਲੋੜ ਨਹੀਂ ਸਗੋਂ ਕਰਜ਼ੇ ਦੀ ਸੈਟਲਮੈਂਟ ਲਈ ਚੰਗੀ ਸਲਾਹ ਦੀ ਲੋੜ ਹੁੰਦੀ ਹੈ। ਪੰਜਾਬੀ ਵਿੱਚ ਗੱਲਬਾਤ ਕਰਨ ਲਈ ਹਰਮਨ ਬੁੱਟਰ ਜਾਂ ਸਿੰਮੀ ਪੰਧੇਰ ਨਾਲ ਗੱਲਬਾਤ ਕਰੋ।
403-232-6220

ਐਂਬਲਿੰਟਨ ਦਾ ਆਖਿਰੀ ਫੇਸ
ਤੁਹਾਡੀ ਨਵੀਂ ਸੁਰੂਆਤ
ਸੁਵਿਧਾਵਾਂ ਸਥਾਪਿਤ ਕੀਤੀਆਂ,ਵਾਕਆਊਟ ਲਾਟਾਂ
ਐਂਬਲਟਨ ਉਹ ਥਾਂ ਹੈ ਜਿੱਥੇ ਉੱਤਰੀ-ਪੱਛਮੀ ਕੈਲਗਰੀ ਇਕੱਠੇ ਆਉਂਦੇ ਹਨ। ਜਿੱਥੇ ਹਰਿਆਲੀ, ਖੇਡ ਦੇ ਮੈਦਾਨ, ਪਾਰਕ ਅਤੇ ਖੇਡ ਦੇ ਮੈਦਾਨ, ਬਾਹਰ ਨਿਕਲਣਾ ਅਤੇ ਜੁੜੇ ਰਹਿਣਾ ਆਸਾਨ ਬਣਾਉਂਦੇ ਹਨ। ਵਾਕਆਊਟ ਲਾਟ ਉਪਲਬਧ ਹੋਣ ਅਤੇ ਭਵਿੱਖ ਵਿੱਚ ਸਕੂਲ ਸਾਈਟ ਦੀ ਯੋਜਨਾਬੰਦੀ ਦੇ ਨਾਲ, ਇਹ ਇੱਕ ਅਜਿਹੀ ਜਗ੍ਹਾ ਹੈ ਜੋ ਪਰਿਵਾਰ ਅਸਲ ਵਿੱਚ ਕਿਵੇਂ ਰਹਿੰਦੇ ਹਨ, ਇਸ ਲਈ ਤਿਆਰ ਕੀਤੀ ਗਈ ਹੈ। ਐਂਬਲਟਨ ਦੇ ਅੰਤਮ ਪੜਾਵਾਂ ਵਿੱਚ ਇੱਕ ਚੰਗੀ ਤਰ੍ਹਾਂ ਸਥਾਪਿਤ ਭਾਈਚਾਰੇ ਦੀਆਂ ਸਹੂਲਤਾਂ ਦੇ ਵਿਚਕਾਰ ਆਪਣਾ ਸੰਪੂਰਨ ਘਰ ਲੱਭੋ।
Laned Homes FROM THE LOW $500s
Front Garage FROM THE MID $700s
Award-Winning Builders
• Sterling Homes
• Shane Homes
• Broadview Homes
• Trico Homes
• Jayman BUILT
Ambleton
ਆਪਣੀ ਲਾਟ ਅੱਜ ਹੀ ਲੱਭੋ
Visit liveinambleton.com
WE CREATE LEGACY COMMUNITIES THAT INSPIRE PRIDE, ENRICH LIVES AND ENDURE IN VALUE.
QUALICO communities

ਗੱਲ ਤਾਂ ਪਰਦੇ ਦੀ ਹੀ ਹੈ !
ਘਰ ਨਵਾਂ ਹੋਵੇ ਜਾਂ ਪੁਰਾਣਾ ਉਹਦੀ ਦਿੱਖ ਤਾਂ ਪਰਦਿਆਂ ਨਾਲ ਹੀ ਬਣਦੀ ਐ !
ਕਾਲ: 403 953 1000
E Mail: Contact@twcoverings.com
Web: www.twcoverings.com
Timelesswindowcoverings
ਸਾਡੇ ਕੋਲ ਵਿੰਡੋ ਬਲਾਈਂਡ ਦੀ ਬੇ-ਸ਼ੁਮਾਰ ਵਰਾਇਟੀ ਹੈ
ਸਾਡੀ ਟੀਮ ਦੇ ਮੈਂਬਰ ਤੁਹਾਡੇ ਘਰ ਆਕੇ ਹੀ ਤੁਹਾਨੂੰ ਡਿਜ਼ਾਈਨ ਦਿਖਾਕੇ ਤੁਹਾਡੀ ਪਸੰਦ ਦੇ ਬਲਾਈਂਡ ਬਣਾਕੇ ਦੇਣਗੇ।
TWC TIMELESS WINDOW COVERINGS

# ਰੈੱਡ ਡਰੈਸ ਦਿਵਸ ਮੌਕੇ ਆਦਿਵਾਸੀ ਸਬੰਧਾਂ ਦੀ ਮੰਤਰੀ ਰਾਜਨ ਸਾਹਨੀ ਨੇ ਆਪਣੇ ਦਿਲ ਦੇ ਵਲਵਲੇ ਜ਼ਾਹਿਰ ਕੀਤੇ



ਕੈਲਗਰੀ(ਪੰਜਾਬੀ ਅਖ਼ਬਾਰ ਬਿਊਰੋ) ਰੈੱਡ ਡਰੈੱਸ ਦਿਵਸ ਮੌਕੇ ਅਲਬਰਟਾ ਦੀ ਆਦਿਵਾਸੀ ਸਬੰਧਾਂ ਦੀ ਮੰਤਰੀ ਰਾਜਨ ਸਾਹਨੀ ਨੇ ਇੱਕ ਬਿਆਨ ਜਾਰੀ ਕਰਦਿਆਂ ਆਖਿਆ ਹੈ "ਅੱਜ, ਅਤੇ ਹਰ ਰੋਜ਼, ਅਲਬਰਟਾ ਅਤੇ ਕੈਨੇਡਾ ਭਰ ਦੇ ਲੋਕ ਲਾਪਤਾ ਅਤੇ ਕਤਲ ਕੀਤੇ ਗਏ ਆਦਿਵਾਸੀ ਔਰਤਾਂ, ਕੁੜੀਆਂ ਅਤੇ ਦੋ-ਆਤਮਾ ਵਾਲੇ ਲੋਕਾਂ ਦੁਆਰਾ ਛੱਡੇ ਗਏ ਦਰਦ ਅਤੇ ਗੈਰਹਾਜ਼ਰੀ ਨੂੰ ਮਹਿਸੂਸ ਕਰ ਰਹੇ ਹਨ। ਰੈੱਡ ਡਰੈੱਸ ਦਿਵਸ ਉਸ ਗੈਰਹਾਜ਼ਰੀ ਨੂੰ ਦ੍ਰਿਸ਼ਮਾਨ ਬਣਾਉਂਦਾ ਹੈ ਅਤੇ ਸਾਨੂੰ ਸਾਰਿਆਂ ਨੂੰ ਬਚੇ ਹੋਏ ਲੋਕਾਂ, ਪਰਿਵਾਰਾਂ ਅਤੇ ਅਜ਼ੀਜ਼ਾਂ ਦਾ ਸਮਰਥਨ ਕਰਨ ਲਈ ਕਹਿੰਦਾ ਹੈ।"ਰੈੱਡ ਡਰੈੱਸ ਦਿਵਸ ਚੋਰੀ ਹੋਈਆਂ ਜਾਨਾਂ ਅਤੇ ਪਰਿਵਾਰਾਂ ਨੂੰ ਹਮੇਸ਼ਾ ਲਈ ਬਦਲ ਦੇਣ ਦੀ ਜਨਤਕ ਪ੍ਰਵਾਨਗੀ ਹੈ। ਇਹ ਦਿਨ ਸਾਨੂੰ ਨਸਲਵਾਦ, ਦੁਰਵਿਵਹਾਰ ਅਤੇ ਪ੍ਰਣਾਲੀਗਤ ਰੁਕਾਵਟਾਂ ਦਾ ਸਾਹਮਣਾ ਕਰਨ ਲਈ ਕਹਿੰਦਾ ਹੈ ਜੋ ਆਦਿਵਾਸੀ ਔਰਤਾਂ, ਕੁੜੀਆਂ ਅਤੇ ਦੋ-ਆਤਮਾ ਵਾਲੇ ਲੋਕਾਂ ਨੂੰ ਬੇਲੋੜੇ ਜੋਖਮ ਵਿੱਚ ਪਾਉਂਦੇ ਰਹਿੰਦੇ ਹਨ। "ਲੋਕ ਇਸ ਸੰਕਟ ਬਾਰੇ ਕਿਵੇਂ ਗੱਲ ਕਰਦੇ ਹਨ ਇਹ ਮਾਇਨੇ ਰੱਖਦਾ ਹੈ। ਲਾਪਤਾ ਅਤੇ ਕਤਲ ਕੀਤੇ ਗਏ ਆਦਿਵਾਸੀ ਔਰਤਾਂ, ਕੁੜੀਆਂ ਬਾਰੇ ਜਨਤਕ ਚਰਚਾ ਨੂੰ ਘੱਟ ਤੋਂ ਘੱਟ ਨਹੀਂ ਕੀਤਾ ਜਾਣਾ ਚਾਹੀਦਾ, ਸਗੋਂ ਦੇਖਭਾਲ, ਸਤਿਕਾਰ ਅਤੇ ਸਮਝ 'ਤੇ ਅਧਾਰਤ ਕੀਤਾ ਜਾਣਾ ਚਾਹੀਦਾ ਹੈ ਕਿਉਂਕਿ ਇਹ ਅਸਲ ਲੋਕਾਂ ਅਤੇ ਅਸਲ ਜੀਵਨ ਬਾਰੇ ਹੈ।

ਉਹਨਾ ਕਿਹਾ ਕਿ "ਅਲਬਰਟਾ ਦੀ ਸਰਕਾਰ ਕਾਰਵਾਈ 'ਤੇ ਕੇਂਦ੍ਰਿਤ ਹੈ, ਜਿਸ ਵਿੱਚ ਆਦਿਵਾਸੀ ਭਾਈਚਾਰਿਆਂ, ਸੰਗਠਨਾਂ ਅਤੇ ਬਚੇ ਹੋਏ ਲੋਕਾਂ ਦੁਆਰਾ ਮਾਰਗਦਰਸ਼ਨ ਕੀਤਾ ਜਾਂਦਾ ਹੈ, ਜਿਸ ਵਿੱਚ ਪ੍ਰੀਮੀਅਰ ਦੀ ਗੁੰਮਸ਼ੁਦਾ ਅਤੇ ਕਤਲ ਕੀਤੇ ਗਏ ਆਦਿਵਾਸੀ ਔਰਤਾਂ, ਕੁੜੀਆਂ ਅਤੇ ਦੋ-ਆਤਮਾ ਵਾਲੇ ਲੋਕਾਂ 'ਤੇ ਪ੍ਰੀਮੀਅਰ ਦੀ ਕੌਂਸਲ ਦੁਆਰਾ ਵੀ ਸ਼ਾਮਿਲ ਹੈ। ਇਸ ਵਿੱਚ ਅਲਬਰਟਾ ਦੇ ਗੁੰਮਸ਼ੁਦਾ ਅਤੇ ਕਤਲ ਕੀਤੇ ਗਏ ਆਦਿਵਾਸੀ ਔਰਤਾਂ ਅਤੇ ਕੁੜੀਆਂ ਦੇ ਰੋਡਮੈਪ ਅਤੇ ਲਿੰਗ-ਅਧਾਰਤ ਹਿੰਸਾ ਨੂੰ ਖਤਮ ਕਰਨ ਲਈ ਅਲਬਰਟਾ ਦੀ 10-ਸਾਲਾ ਰਣਨੀਤੀ ਨੂੰ ਅੱਗੇ ਵਧਾਉਣਾ ਸ਼ਾਮਿਲ ਹੈ, ਨਾਲ ਹੀ ਮਨੁੱਖੀ ਤਸਕਰੀ ਦਾ ਮੁਕਾਬਲਾ ਕਰਨ ਅਤੇ ਲੋਕਾਂ ਨੂੰ ਸੁਰੱਖਿਆ ਲੱਭਣ ਵਿੱਚ ਸਹਾਇਤਾ ਨੂੰ ਮਜ਼ਬੂਤ ਕਰਨਾ ਸ਼ਾਮਲ ਹੈ।

"ਰੈੱਡ ਡਰੈੱਸ ਡੇਅ ਮੌਕੇ ਮੈਂ ਅਲਬਰਟਾ ਦੇ ਲੋਕਾਂ ਨੂੰ ਅਸਲ ਅਤੇ ਵਿਹਾਰਕ ਤਰੀਕਿਆਂ ਨਾਲ ਕੰਮ ਕਰਨ ਲਈ ਕਹਿ ਰਹੀ ਹਾਂ, ਸਿੱਖੋ ਕਿ ਇਹ ਦਿਨ ਕੀ ਦਰਸਾਉਂਦਾ ਹੈ ਅਤੇ ਉਸ ਸਿੱਖਿਆ ਨੂੰ ਸਾਂਝਾ ਕਰੋ, ਆਦਿਵਾਸੀ ਆਵਾਜ਼ਾਂ ਸੁਣੋ ਅਤੇ ਭਾਈਚਾਰਕ ਸਮਾਗਮਾਂ ਵਿੱਚ ਸ਼ਾਮਿਲ ਹੋਵੋ ਅਤੇ ਲਾਪਤਾ ਅਤੇ ਕਤਲ ਕੀਤੇ ਗਏ ਲੋਕਾਂ ਦੇ ਬਚੇ ਹੋਏ ਲੋਕਾਂ, ਪਰਿਵਾਰਾਂ ਅਤੇ ਅਜ਼ੀਜ਼ਾਂ ਦਾ ਸਮਰਥਨ ਕਰੋ ਅਤੇ ਜਦੋਂ ਤੁਸੀਂ ਉਨ੍ਹਾਂ ਨੂੰ ਸੁਣੋ ਤਾਂ ਖਾਰਜ ਕਰਨ ਵਾਲੀਆਂ ਟਿੱਪਣੀਆਂ ਨੂੰ ਚੁਣੌਤੀ ਦਿ-। ਲਿੰਗ-ਅਧਾਰਤ ਹਿੰਸਾ ਅਤੇ ਮਨੁੱਖੀ ਤਸਕਰੀ ਦੇ ਚੇਤਾਵਨੀ ਸੰਕੇਤਾਂ ਨੂੰ ਸਿੱਖੋ ਅਤੇ ਜਾਣੋ ਕਿ ਮੱਦਦ ਲਈ ਕਿੱਥੇ ਜਾਣਾ ਹੈ।

# ਸਰੀ ਦੇ ਨਿਊਟਨ ਇਲਾਕੇ 'ਚ ਗੋਲੀਬਾਰੀ: ਪੰਜਾਬੀ ਮੂਲ ਦੇ ਇੱਕ ਵਿਅਕਤੀ ਦੀ ਮੌਤ




ਵੈਨਕੂਵਰ, (ਮਲਕੀਤ ਸਿੰਘ) ਕੈਨੇਡਾ ਦੇ ਸੂਬੇ ਬ੍ਰਿਟਿਸ਼ ਕੋਲੰਬੀਆ ਦੇ ਸ਼ਹਿਰ ਸਰੀ ਦੇ ਨਿਊਟਨ ਇਲਾਕੇ ਵਿੱਚ ਵਾਪਰੀ ਗੋਲੀਬਾਰੀ ਦੀ ਘਟਨਾ ਦੌਰਾਨ ਪੰਜਾਬੀ ਮੂਲ ਦੇ ਇੱਕ ਵਿਅਕਤੀ ਦੀ ਮੌਤ ਹੋਣ ਦੀ ਸੂਚਨਾ ਮਿਲੀ ਹੈ। ਪੁਲਿਸ ਵੱਲੋਂ ਮਿਲੀ ਜਾਣਕਾਰੀ ਅਨੁਸਾਰ ਇਹ ਘਟਨਾ ਸੋਮਵਾਰ ਬਾਅਦ ਦੁਪਹਿਰ ਵਾਪਰੀ

ਮੌਕੇ 'ਤੇ ਪਹੁੰਚੇ ਪੁਲਿਸ ਅਧਿਕਾਰੀਆਂ ਨੂੰ ਇੱਕ ਵਿਅਕਤੀ ਗੰਭੀਰ ਹਾਲਤ ਵਿੱਚ ਮਿਲਿਆ, ਜਿਸਨੂੰ ਬਚਾਇਆ ਨਾ ਜਾ ਸਕਿਆ ਅਤੇ ਉਸਦੀ ਮੌਤ ਹੋ ਗਈ। ਇਹ ਘਟਨਾ ਪਿਛਲੇ ਇੱਕ ਹਫ਼ਤੇ ਦੇ ਅੰਦਰ ਸ਼ਹਿਰ ਵਿੱਚ ਵਾਪਰੀ ਦੂਜੀ ਮਾਰੂ ਗੋਲੀਬਾਰੀ ਦੱਸੀ ਜਾ ਰਹੀ ਹੈ, ਜਿਸ ਕਾਰਨ ਇਲਾਕੇ ਵਿੱਚ ਚਿੰਤਾ ਦਾ ਮਾਹੌਲ ਬਣ ਗਿਆ ਹੈ।

ਪੁਲਿਸ ਵੱਲੋਂ ਘਟਨਾ ਸਥਾਨ ਨੂੰ ਘੇਰ ਕੇ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ ਅਤੇ ਮਾਮਲੇ ਨਾਲ ਸੰਬੰਧਿਤ ਸਬੂਤ ਇਕੱਠੇ ਕੀਤੇ ਜਾ ਰਹੇ ਹਨ




Chelsea Court TOWNHOMES

ਤੁਹਾਡੇ ਪਰਿਵਾਰ ਲਈ ਉਹ ਜਗਾ ਜਿਸ ਨੂੰ ਤੁਸੀਂ ਘਰ ਕਹਿ ਸਕੋ

CHESTERMERE TOWNHOMES STARTING FROM THE $300'S

OWN YOUR HOME FOR LESS THAN RENT
$1795*
ESTIMATED MONTHLY MORTGAGE

ਚੇਲਸੀਆ ਕੋਰਟ ਗੈਰੇਜਾਂ ਦੇ ਨਾਲ ਕਿਫਾਇਤੀ 3 ਅਤੇ 4 ਬੈੱਡਰੂਮ ਵਾਲੇ ਟਾਊਨਹੋਮਸ ਦੀ ਪੇਸ਼ਕਸ਼ ਕਰਦਾ ਹੈ

- ਕਾਰਜਸ਼ੀਲ ਫਲੋਰਪਲਾਨ ਜੋ ਹਰ ਵਰਗ ਫੁੱਟ ਨੂੰ ਵੱਧ ਤੋਂ ਵੱਧ ਕਰਦੇ ਹਨ
- ਸਕੂਲਾਂ, ਪਾਰਕਾਂ ਅਤੇ ਰੋਜ਼ਾਨਾ ਦੀਆਂ ਸਹੂਲਤਾਂ ਦੇ ਨੇੜੇ
- ਆਧੁਨਿਕ ਰਸੋਈਆਂ ਅਤੇ ਚਮਕਦਾਰ ਵਿਸ਼ਾਲ ਅੰਦਰੂਨੀ
- ਕੈਲਗਰੀ ਤੋਂ ਕੁਝ ਮਿੰਟਾਂ ਦੀ ਦੂਰੀ 'ਤੇ
- ਰੱਖ-ਰਖਾਅ-ਮੁਕਤ ਘਰ

LIMITED QUICK POSSESSIONS AVAILABLE!





*Based on a purchase price of $398,900 on a 30-year mortgage at 3.94% (5 Year fixed) with 5% down

ਹੋਰ ਜਾਣਕਾਰੀ ਲਈ ਇਸ ਐਡਰੈਸ ਉੱਪਰ ਆਓ #84, 285 CHELSEA COURT, CHESTERMERE • 587.330.1009

CANADA BEST MANAGED COMPANIES Platinum member 2004 - 2025
Top-rated Homebuilder 4.4
Four Time Best For The World Honoree

Find out more at ChelseaCourtTownhomes.ca

Trico Homes

# ਕੈਨੇਡਾ ਮਰਦਮਸ਼ੁਮਾਰੀ 2026
# ਪੰਜਾਬੀ ਬੋਲੀ ਦੀ ਹੋਂਦ ਅਤੇ ਸਾਡੀ ਨਾਗਰਿਕ ਜ਼ਿੰਮੇਵਾਰੀ

**ਬਲਵੰਤ ਸੰਘੇੜਾ, ਪ੍ਰਧਾਨ**
**ਸਾਧੂ ਬਿਨਿੰਗ, ਉੱਪ-ਪ੍ਰਧਾਨ**
ਪੰਜਾਬੀ ਲੈਂਗੂਏਜ ਐਜੂਕੇਸ਼ਨ ਐਸੋਸੀਏਸ਼ਨ (PLEA)



ਕੈਨੇਡਾ ਇੱਕ ਅਜਿਹਾ ਦੇਸ਼ ਹੈ ਜੋ ਆਪਣੀ ਵਿਭਿੰਨਤਾ ਅਤੇ ਬਹੁ-ਸੱਭਿਆਚਾਰਵਾਦ ਲਈ ਵਿਸ਼ਵ ਭਰ ਵਿੱਚ ਜਾਣਿਆ ਜਾਂਦਾ ਹੈ। ਇਸ ਵਿਭਿੰਨਤਾ ਨੂੰ ਸਮਝਣ ਅਤੇ ਦੇਸ਼ ਦੇ ਸੁਚੱਜੇ ਵਿਕਾਸ ਲਈ 'ਸਟੈਟਿਸਟਿਕਸ ਕੈਨੇਡਾ' ਵੱਲੋਂ ਹਰ ਪੰਜ ਸਾਲਾਂ ਬਾਅਦ ਮਰਦਮਸ਼ੁਮਾਰੀ (Censuses) ਕਰਵਾਈ ਜਾਂਦੀ ਹੈ। ਸਾਲ 2026 ਦੀ ਇਹ ਪ੍ਰਕਿਰਿਆ ਹੁਣ ਆਰੰਭ ਹੋ ਚੁੱਕੀ ਹੈ, ਜੋ ਨਾ ਸਿਰਫ਼ ਦੇਸ਼ ਦੀ ਵਸੋਂ ਦੇ ਅੰਕੜੇ ਇਕੱਠੇ ਕਰੇਗੀ, ਸਗੋਂ ਸਾਡੀ ਭਾਸ਼ਾਈ ਅਤੇ ਸੱਭਿਆਚਾਰਕ ਪਛਾਣ ਨੂੰ ਵੀ ਅਧਿਕਾਰਤ ਦਸਤਾਵੇਜ਼ਾਂ ਵਿੱਚ ਦਰਜ ਕਰੇਗੀ।
ਕੈਨੇਡਾ ਦੇ ਉੱਤਰੀ ਦੂਰ-ਦੁਰਾਡੇ ਇਲਾਕਿਆਂ ਵਿੱਚ ਮਰਦਮਸ਼ੁਮਾਰੀ ਦੀ ਪ੍ਰਕਿਰਿਆ ਸ਼ੁਰੂ ਹੋ ਚੁੱਕੀ ਹੈ, ਜਦਕਿ ਬਾਕੀ ਕੈਨੇਡਾ ਵਿੱਚ ਇਹ 1 ਮਈ 2026 ਤੋਂ ਸਰਗਰਮ ਹੋ ਜਾਵੇਗੀ। 'ਸਟੈਟਿਸਟਿਕਸ ਕੈਨੇਡਾ' ਨੇ ਇਸ ਕਾਰਜ ਨੂੰ ਸੁਚਾਰੂ ਢੰਗ ਨਾਲ ਨੇਪਰੇ ਚਾੜ੍ਹਨ ਲਈ ਲਗਭਗ 32,000 ਕਰਮਚਾਰੀ ਨਿਯੁਕਤ ਕੀਤੇ ਹਨ। ਇਹ ਫਾਰਮ ਔਨਲਾਈਨ ਜਾਂ ਪ੍ਰਿੰਟ ਕੀਤੇ ਕਾਗਜ਼ੀ ਰੂਪ ਵਿੱਚ ਭਰੇ ਜਾ ਸਕਦੇ ਹਨ।ਮਰਦਮਸ਼ੁਮਾਰੀ ਵਿੱਚ ਹਿੱਸਾ ਲੈਣਾ ਸਿਰਫ਼ ਇੱਕ ਰਸਮ ਨਹੀਂ, ਸਗੋਂ ਸਟੈਟਿਸਟਿਕਸ ਐਕਟ ਦੇ ਤਹਿਤ ਇੱਕ ਲਾਜ਼ਮੀ ਨਾਗਰਿਕ ਜ਼ਿੰਮੇਵਾਰੀ ਹੈ। ਇਸ ਵਿੱਚ ਸ਼ਾਮਲ ਹੋਣਾ ਹਰ ਵਸਨੀਕ ਲਈ ਜ਼ਰੂਰੀ ਹੈ, ਚਾਹੇ ਉਹ: ਕੈਨੇਡੀਅਨ ਨਾਗਰਿਕ ਹੋਵੇ।ਸਥਾਈ ਨਿਵਾਸੀ (PR) ਹੋਵੇ।ਅਸਥਾਈ ਵਿਦੇਸ਼ੀ ਕਾਮਾ (Work Permit) ਹੋਵੇ।ਜਾਂ ਵਿਜ਼ਟਰ ਵੀਜ਼ੇ 'ਤੇ ਆਇਆ ਹੋਵੇ।

**2026 ਦੀ ਮਰਦਮਸ਼ੁਮਾਰੀ ਪੰਜਾਬੀ ਭਾਈਚਾਰੇ ਲਈ ਵਿਸ਼ੇਸ਼ ਮਹੱਤਵ ਰੱਖਦੀ ਹੈ। ਪ੍ਰਸ਼ਨਾਵਲੀ ਵਿੱਚ ਭਾਸ਼ਾ ਨਾਲ ਸਬੰਧਤ ਤਿੰਨ ਅਹਿਮ ਨੁਕਤੇ ਹਨ:**

**ਮਾਂ-ਬੋਲੀ:** ਉਹ ਭਾਸ਼ਾ ਜੋ ਬਚਪਨ ਵਿੱਚ ਸਭ ਤੋਂ ਪਹਿਲਾਂ ਸਿੱਖੀ।

**ਘਰੇਲੂ ਭਾਸ਼ਾ:** ਘਰ ਵਿੱਚ ਸਭ ਤੋਂ ਵੱਧ ਬੋਲੀ ਜਾਣ ਵਾਲੀ ਬੋਲੀ।

**ਭਾਸ਼ਾਈ ਗਿਆਨ:** ਹੋਰ ਕਿਹੜੀਆਂ ਭਾਸ਼ਾਵਾਂ ਦਾ ਗਿਆਨ ਹੈ।

**ਸਟੈਟਿਸਟਿਕਸ ਕੈਨੇਡਾ ਨੇ ਸਵਾਲਾਂ ਦੀ ਸ਼ਬਦਾਵਲੀ ਵਿੱਚ ਵੀ ਸੁਧਾਰ ਕੀਤਾ ਹੈ। ਹੁਣ ਕੀ ਇਹ ਵਿਅਕਤੀ ਬੋਲ ਸਕਦਾ ਹੈ? ਦੀ ਥਾਂ ਕੀ ਇਹ ਵਿਅਕਤੀ ਬੋਲਦਾ ਹੈ? ਪੁੱਛਿਆ ਜਾਵੇਗਾ, ਜੋ ਭਾਸ਼ਾ ਦੀ ਅਸਲ ਵਰਤੋਂ ਨੂੰ ਸਪੱਸ਼ਟ ਕਰੇਗਾ।**

2021 ਦੀ ਮਰਦਮਸ਼ੁਮਾਰੀ ਦੇ ਅੰਕੜਿਆਂ ਅਨੁਸਾਰ ਪੰਜਾਬੀ, ਅੰਗਰੇਜ਼ੀ ਅਤੇ ਫਰੈਂਚ ਤੋਂ ਬਾਅਦ ਕੈਨੇਡਾ ਦੀ ਤੀਜੀ ਸਭ ਤੋਂ ਵੱਧ ਬੋਲੀ ਜਾਣ ਵਾਲੀ ਭਾਸ਼ਾ ਬਣ ਕੇ ਉੱਭਰੀ ਸੀ। ਉਸ ਸਮੇਂ 7.6 ਲੱਖ ਤੋਂ ਵੱਧ ਲੋਕਾਂ ਨੇ ਪੰਜਾਬੀ ਨੂੰ ਮਾਂ-ਬੋਲੀ ਅਤੇ 8.2 ਲੱਖ ਤੋਂ ਵੱਧ ਲੋਕਾਂ ਨੇ ਇਸ ਨੂੰ ਘਰ ਦੀ ਮੁੱਖ ਬੋਲੀ ਵਜੋਂ ਦਰਜ ਕਰਵਾਇਆ ਸੀ।

ਪਿਛਲੇ ਪੰਜ ਸਾਲਾਂ ਵਿੱਚ ਪੰਜਾਬੀ ਮੂਲ ਦੇ ਵਿਦਿਆਰਥੀਆਂ ਅਤੇ ਕਾਮਿਆਂ ਦੀ ਗਿਣਤੀ ਵਿੱਚ ਵੱਡਾ ਵਾਧਾ ਹੋਇਆ ਹੈ। ਪੰਜਾਬੀ ਲੈਂਗੂਏਜ ਐਜੂਕੇਸ਼ਨ ਐਸੋਸੀਏਸ਼ਨ (PLEA) ਸਮੂਹ ਪੰਜਾਬੀ ਬੁਲਾਰਿਆਂ ਅਤੇ ਹਿਤੈਸ਼ੀਆਂ ਨੂੰ ਅਪੀਲ ਕਰਦੀ ਹੈ ਕਿ ਉਹ ਆਪਣੀ ਮਾਂ-ਬੋਲੀ ਦੇ ਖਾਨੇ ਵਿੱਚ 'ਪੰਜਾਬੀ' ਜ਼ਰੂਰ ਲਿਖਣ। ਸਾਡੇ ਵੱਲੋਂ ਦਿੱਤੇ ਗਏ ਸਹੀ ਜਵਾਬ ਹੀ ਸਰਕਾਰ ਨੂੰ ਕੈਨੇਡੀਅਨ ਚਾਰਟਰ ਅਨੁਸਾਰ ਗੈਰ-ਸਰਕਾਰੀ ਭਾਸ਼ਾਵਾਂ ਦੇ ਵਿਕਾਸ ਅਤੇ ਸਹਾਇਤਾ ਲਈ ਨੀਤੀਆਂ ਬਣਾਉਣ ਵਿੱਚ ਮਦਦ ਕਰਦੇ ਹਨ।

ਮਰਦਮਸ਼ੁਮਾਰੀ ਦੇ ਅੰਕੜੇ ਆਉਣ ਵਾਲੇ ਪੰਜ ਸਾਲਾਂ ਲਈ ਸਕੂਲਾਂ, ਹਸਪਤਾਲਾਂ ਅਤੇ ਭਾਈਚਾਰਕ ਸੇਵਾਵਾਂ ਦੀ ਯੋਜਨਾਬੰਦੀ ਦਾ ਅਧਾਰ ਬਣਦੇ ਹਨ। ਆਓ, ਇੱਕ ਜ਼ਿੰਮੇਵਾਰ ਨਾਗਰਿਕ ਹੋਣ ਦਾ ਸਬੂਤ ਦੇਈਏ ਅਤੇ ਆਪਣੀ ਵਿਰਾਸਤ ਤੇ ਬੋਲੀ ਨੂੰ ਕੈਨੇਡਾ ਦੇ ਇਤਿਹਾਸਕ ਪੰਨਿਆਂ ਵਿੱਚ ਸੁਨਹਿਰੀ ਅੱਖਰਾਂ ਵਿੱਚ ਦਰਜ ਕਰਵਾਈਏ।

Calgary

# ਮੁਫ਼ਤ। ਆਸਾਨ। ਸੁਰੱਖਿਅਤ।

ਪੇਂਟ, ਬੈਟਰੀਆਂ, ਸਫਾਈ ਉਤਪਾਦਾਂ ਅਤੇ ਰਸਾਇਣਾਂ ਵਰਗੀਆਂ ਘਰੇਲੂ ਰਹਿੰਦ-ਖੂੰਹਦ ਵਾਲੀਆਂ ਖਤਰਨਾਕ ਚੀਜ਼ਾਂ ਨੂੰ ਸ਼ਹਿਰ ਭਰ ਵਿੱਚ 11 ਥਾਵਾਂ 'ਤੇ ਡਰਾਪ-ਆਫ ਕਰੋ।




**ਇਹ ਚੀਜ਼ਾਂ ਤੁਹਾਡੀ ਨੀਲੀ, ਹਰੀ ਜਾਂ ਕਾਲੀ ਕਾਰਟ ਵਿੱਚ ਨਹੀਂ ਜਾਣੀਆਂ ਚਾਹੀਦੀਆਂ ਹਨ।**

calgary.ca/HHW 'ਤੇ ਮੁਫ਼ਤ ਡਰਾਪ-ਆਫ ਸਾਈਟ ਲੱਭੋ।

26-0054200 | CRV-45608

# 15ਵਾਂ ਸੋਹਣ ਮਾਨ ਨਾਟਕ ਸਮਾਗਮ 6 ਜੂਨ ਨੂੰ, ਨਾਟਕ ਸਬੰਧੀ ਪੋਸਟਰ ਰਿਲੀਜ!

## ਸ਼ਹੀਦ ਭਗਤ ਸਿੰਘ ਬੁੱਕ ਸੈਂਟਰ ਦਾ ਪਹਿਲਾ ਪੁਸਤਕ ਮੇਲਾ 10 ਮਈ 2026 ਨੂੰ ਹੋਵੇਗਾ



ਕੈਲਗਰੀ(ਪੰਜਾਬੀ ਅਖ਼ਬਾਰ ਬਿਊਰੋ) ਪ੍ਰੋਗਰੈਸਿਵ ਕਲਚਰਲ ਐਸੋਸਸੀਏਸ਼ਨ ਕੈਲਗਰੀ ਵਲੋਂ 15ਵਾਂ ਸੋਹਣ ਮਾਨ ਯਾਦਗਾਰੀ ਨਾਟਕ ਮੇਲਾ ਸ਼ਨੀਵਾਰ, 6 ਜੂਨ 2026 ਨੂੰ ਰੈਡ ਸਟੋਨ ਥੀਏਟਰ ਨਾਰਥ ਈਸਟ ਵਿੱਚ ਕਰਵਾਇਆ ਜਾ ਰਿਹਾ ਹੈ। ਇਸ ਵਾਰ ਦਾ ਨਾਟਕ ਮੇਲਾ 'ਬੱਬਰ ਅਕਾਲੀ ਲਹਿਰ' ਦੀ ਸ਼ਤਾਬਾਦੀ ਨੂੰ ਸਮਰਪਿਤ ਹੋਵੇਗਾ। ਬੀਤੇ ਦਿਨੀ ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ ਕੈਲਗਰੀ ਦੀ ਐਗਜੈਕਟਿਵ ਕਮੇਟੀ ਅਤੇ ਪ੍ਰੋਗਰੈਸਿਵ ਕਲਾ ਮੰਚ ਕੈਲਗਰੀ ਦੇ ਕਲਾਕਾਰਾਂ ਦੀ ਸਾਂਝੀ ਮੀਟਿੰਗ ਹੋਈ, ਜਿਸ ਵਿੱਚ ਨਾਟਕ ਮੇਲੇ ਅਤੇ ਪੁਸਤਕ ਮੇਲੇ ਸਬੰਧੀ ਵਿਚਾਰਾਂ ਹੋਈਆਂ।ਇਸ ਮੀਟਿੰਗ ਵਿੱਚ ਹਾਜ਼ਿਰ ਮੈਂਬਰਾਂ ਵਲੋਂ ਨਾਟਕ ਮੇਲੇ ਦਾ ਪੋਸਟਰ ਰਿਲੀਜ਼ ਕੀਤਾ ਗਿਆ।ਪਿਛਲੇ ਸਾਲਾਂ ਦੀ ਤਰ੍ਹਾਂ ਇਸ ਵਾਰ 'ਲੋਕ ਕਲਾ ਮੰਚ ਮੰਡੀ ਮੁੱਲਾਂਪੁਰ' ਤੋਂ ਲੇਖਕ, ਕਲਾਕਾਰ ਅਤੇ ਡਾਇਰੈਕਟਰ ਹਰਕੇਸ਼ ਚੌਧਰੀ ਕਲਾਕਾਰਾਂ ਦੀ ਵਰਕਸ਼ਾਪ ਲਗਾ ਕੇ ਡਰਾਮੇ ਤਿਆਰ ਕਰਾਉਣਗੇ। ਇਸ ਵਾਰ ਦੇ ਸਮਾਗਮ ਵਿੱਚ ਭਾਜੀ ਗੁਰਸ਼ਰਨ ਸਿੰਘ ਦਾ ਲਿਖਿਆ ਤੇ ਨਿਰਦੇਸ਼ਤ ਨਾਟਕ 'ਚਾਂਦਨੀ ਚੌਂਕ ਤੋਂ ਸਰਹੰਦ ਤੱਕ' ਅਤੇ ਹਰਕੇਸ਼ ਚੌਧਰੀ ਦਾ ਲਿਖਿਆ ਤੇ ਨਿਰਦੇਸ਼ਤ ਨਾਟਕ 'ਧਰਤ ਵੰਗਾਰੇ ਤਖਤ ਨੂੰ' ਖੇਡਿਆ ਜਾਵੇਗਾ। ਇਸ ਤੋਂ ਇਲਾਵਾ ਲੋਕਲ ਬੱਚਿਆਂ ਵਲੋਂ ਕੋਰੀ-ਗਰਾਫੀਆਂ ਪੇਸ਼ ਕੀਤੀਆਂ ਜਾਣਗੀਆਂ।ਮੀਟਿੰਗ ਵਿੱਚ ਮਾਸਟਰ ਭਜਨ ਸਿੰਘ ਹੋਰਾਂ ਵਲੋਂ ਜਾਣਕਾਰੀ ਦਿੰਦੇ ਹੋਏ ਦੱਸਿਆ ਗਿਆ ਕਿ ਪਿਛਲੇ ਸਾਲਾਂ ਦੀ ਤਰ੍ਹਾਂ 'ਸ਼ਹੀਦ ਭਗਤ ਸਿੰਘ ਬੁੱਕ ਸੈਂਟਰ ਕੈਲਗਰੀ' ਵੱਲੋਂ ਇਸ ਸਾਲ ਦਾ ਪਹਿਲਾ ਪੁਸਤਕ ਮੇਲਾ ਡਾ: ਭੁੱਲਰ ਵਾਲ਼ੇ ਗਰੀਨ ਪਲਾਜ਼ਾ ਨਾਰਥ ਈਸਟ ਕੈਲਗਰੀ ਵਿੱਚ ਲਗਾਇਆ ਜਾਵੇਗਾ। ਜਿੱਥੋਂ ਸਾਰੇ ਪਾਠਕ ਆਪਣੀ ਮਨਪਸੰਦ ਦੀਆਂ ਕਿਤਾਬਾਂ ਤੋਂ ਇਲਾਵਾ ਨਾਟਕ ਸਮਾਗਮ ਦੀਆਂ ਟਿਕਟਾਂ ਲੈ ਸਕਦੇ ਹਨ। ਨਾਟਕ ਦੀ ਟਿਕਟ ਹਰ ਸਾਲ ਦੀ ਤਰ੍ਹਾਂ ਸਿਰਫ ਦਸ ਡਾਲਰ ਹੋਵੇਗੀ। ਕੈਲਗਰੀ ਦੇ ਬਿਜਨੈਸਮੈਨਾਂ ਨੂੰ ਸਹਿਯੋਗ ਦੀ ਅਪੀਲ ਦੇ ਨਾ਼ਲ-ਨਾ਼ਲ ਧੰਨਵਾਦ ਵੀ ਕੀਤਾ ਗਿਆ, ਜੋ ਹਮੇਸ਼ਾਂ ਸਹਿਯੋਗ ਕਰਦੇ ਹਨ। ਇਸ ਮੌਕੇ 'ਤੇ ਕੈਲਗਰੀ ਦੀ ਜਾਣੀ-ਪਛਾਣੀ ਸਖਸ਼ੀਅਤ ਹਰਬਖਸ਼ ਸਿੰਘ ਸਰੋਆ ਨੂੰ ਸਰਧਾਂਜਲੀ ਭੇਟ ਕੀਤੀ ਗਈ। ਜੋ ਕਿ ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ ਕੈਲਗਰੀ, ਲੋਕ ਕਲਾ ਮੰਚ ਮੰਡੀ ਮੁੱਲਾਂ ਪੁਰ, ਦੇਸ਼ ਭਗਤ ਹਾਲ ਜਲੰਧਰ ਅਤੇ ਹੋਰ ਕਈ ਸਮਾਜ ਸੇਵੀ ਸੰਸਥਾਵਾਂ ਦੀ ਸਹਾਇਤਾ ਕਰਦੇ ਰਹਿੰਦੇ ਸਨ। ਮੀਟਿੰਗ ਵਿੱਚ ਇਹ ਵੀ ਫੈਸਲਾ ਕੀਤਾ ਗਿਆ ਕਿ ਕੈਲਗਰੀ ਦੇ ਲੇਖਕ ਤੇ ਕਵੀ ਜਸਵੰਤ ਸਿੰਘ ਜਗੈਤ ਦੀ ਨਵੀਂ ਛਪੀ ਪੁਸਤਕ 'ਹਵਾ 'ਚ ਲਟਕਦੇ ਲੋਕ' ਰਿਲੀਜ ਕੀਤੀ ਜਾਵੇਗੀ। ਇਸ ਮੌਕੇ 'ਤੇ ਇੱਕ ਤਿੰਨ ਸਾਲ ਦੇ ਬੱਚੇ ਗੁਰਮੋਹ ਸਿੰਘ ਦੇ ਇਲਾਜ ਲਈ 2000 ਡਾਲਰ ਦੀ ਰਾਸ਼ੀ ਦੇਣ ਦਾ ਫੈਸਲਾ ਕੀਤਾ ਗਿਆ। ਜੋ ਕਿ ਇੱਕ ਸੀਰੀਅਸ ਬੀਮਾਰੀ ਨਾ਼ਲ ਪੀੜ੍ਹਤ ਹੈ, ਜਿਸਦੇ ਇਲਾਜ ਲਈ 60-80 ਲੱਖ ਡਾਲਰ ਦਾ ਖ਼ਰਚਾ ਹੋਣ ਦੀ ਸੰਭਾਵਨਾ ਹੈ। ਸਾਰੇ ਕਨੇਡਾ ਵਿੱਚ ਲੋਕ ਇਸ ਬੱਚੇ ਲਈ ਗੋ ਫੰਡ ਮੀ ਡੌਟ ਕੌਮ 'ਤੇ ਦਾਨ ਕਰ ਰਹੇ ਹਨ। ਇਸ ਮੀਟਿੰਗ ਵਿੱਚ ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ ਅਤੇ ਪ੍ਰੋਗਰੈਸਿਵ ਕਲਾ ਮੰਚ ਦੇ ਪ੍ਰਧਾਨ ਜਸਵਿੰਦਰ ਮਾਨ, ਸਕੱਤਰ ਮਾਸਟਰ ਭਜਨ ਸਿੰਘ, ਕਮਲਪ੍ਰੀਤ ਪੰਧੇਰ, ਸੰਦੀਪ ਗਿੱਲ, ਕਮਲ ਸਿੱਧੂ, ਗੋਪਾਲ ਕਾਉਂਕੇ, ਸੁਰਿੰਦਰ ਗਿੱਲ, ਨਵਕਿਰਨ ਢੁੱਡੀਕੇ, ਜਸਪਾਲ ਹੰਸਰਾ, ਕੁਸਮ ਸ਼ਰਮਾ, ਬੰਦੀਪ ਗਿੱਲ ਨੇ ਭਾਗ ਲਿਆ। ਉਨ੍ਹਾਂ ਤੋਂ ਇਲਾਵਾ ਇਨ੍ਹਾਂ ਪ੍ਰੋਗਰਾਮਾਂ ਵਿੱਚ ਵਿਸ਼ੇਸ਼ ਸਹਿਯੋਗ ਲਈ ਹਰਚਰਨ ਪ੍ਰਹਾਰ ਅਤੇ ਸੁਖਵੀਰ ਗਰੇਵਾਲ ਵੀ ਸ਼ਾਮਿਲ ਹੋਏ।














BHINDER EXTERIORS LTD.
BHINDER EXTERIOR
ਕੁਦਰਤ ਦੀ ਗੜੇਮਾਰੀ ਕਾਰਣ ਘਰਾਂ ਦੇ ਹੋਏ ਨੁਕਸਾਨ ਦਾ ਹੁਣ ਕੀ ਕਰੀਏ ?
ਤੁਸੀਂ ਕੁੱਝ ਨਹੀਂ ਕਰਨਾ ਸਿਰਫ ਭਿੰਡਰ ਐਕਸਟੀਰੀਅਰ ਵਾਲਿਆਂ ਨੂੰ ਫੋਨ ਕਾਲ ਹੀ ਕਰਨੀ ਹੈ।
ਹੁਣ ਤੁਸੀਂ ਸਾਈਡਿੰਗ ਚੇਂਜ ਕਰਕੇ ਸਟੱਕੋ ਵੀ ਕਰਵਾ ਸਕਦੇ ਹੋ
ਇੰਸ਼ੋਰੈਂਸ ਕੰਪਨੀ ਨਾਲ ਉਹ ਆਪੇ ਹੀ ਡੀਲ ਕਰਕੇ ਤੁਹਾਡੇ ਘਰ ਨੂੰ ਪਹਿਲਾਂ ਨਾਲੋਂ ਵੀ ਸੋਹਣਾ ਅਤੇ ਨਵਾਂ ਨਕੋਰ ਬਣਾ ਦੇਣਗੇ।
* ਸਾਨੂੰ ਵਰਕਰਾਂ ਦੀ ਲੋੜ ਹੈ
All kind of Exterior Service
* Siding * Soffit
* Fascia * Cedar
* Smart Board
* Paper Wire
* Stucco & Roofing
* Eavestrough
FREE Estimate
Call: 403 680 0436
Email: sandeeptoor72@gmail.com


AMG
SR SEHAJMAN RECORDS
ਗਦਰੀ ਯੋਧਿਆਂ ਦੀ ਲਾਸਾਨੀ ਕੁਰਬਾਨੀ
ਅਤੇ
ਗੁਰੂ ਨਾਨਕ ਜਹਾਜ਼ ਦੀ ਮਿਸਾਲੀ ਯਾਤਰਾ
ਨੂੰ ਸਮਰਪਿਤ
2ND ANNUAL
Punjabi Heritage Mela
ਦੂਜਾ ਸਾਲਾਨਾ ਪੰਜਾਬੀ ਹੈਰੀਟੇਜ ਮੇਲਾ
SIKH MOTORCYCLE RIDERS CANADA
GURU NANAK FREE KITCHEN YYC
Anti Racism Awareness
ON SUNDAY 24 MAY 2026
3:00 pm to 5:30 pm
ਮੁੱਖ ਆਕਰਸ਼ਨ
ਨਾਟਕ ਅਤੇ ਦੇਸ਼ ਭਗਤੀ ਗੀਤ ਸੰਗੀਤ
403-680-7589, 403-479-1805, 587-722-3353
MEDIA PARTNER
The Punjabi Newspaper
ਪੰਜਾਬੀ ਅਖ਼ਬਾਰ
Punjabi Akhbaar
PrimeAsia
VENUE:
FALCONRIDGE/ CASTLERIDGE COMMUNITY ASSOCIATION HALL
95 FALSHIRE DR NE, CALGARY, AB T3J 1P7


Bains Vision Centre
ਅੱਖਾਂ ਦੇ ਮਸ਼ਹੂਰ ਡਾਕਟਰ ਜਸਵਿੰਦਰ ਸਿੰਘ ਬੈਂਸ ਹੁਣ ਨਾਰਥ ਈਸਟ ਕੈਲਗਰੀ ਵਿੱਚ ਆ ਗਏ ਹਨ।
ਹਰ ਕਿਸਮ ਦੀਆਂ ਬਰੈਂਡਡ ਐਨਕਾਂ ਵੀ ਮਿਲਦੀਆਂ ਹਨ
Dr.Jaswinder S Bains
Ph.D., OD.
Tel: 403-274-4514
Fax: 403-274-4680
5218 Falsbridge Dr NE Calgary AB T3J 3G1


ਨਵੇਂ ਪੁਰਾਣੇ ਘਰਾਂ ਅੰਦਰ ਕਿਚਨ ਕੈਬਿਨੇਟ ਦਾ ਕੰਮ
ਕੋਈ ਮੈਟਲ ਡੋਰ, ਜਾਂ ਸਾਧਾਰਣ ਡੋਰ ਲਗਾਉਣਾ ਹੈ ਜਾਂ ਮੋਲਡਿੰਗ, ਬੁੱਕ ਸੈਲਫ, ਪੌੜੀਆਂ ਦੀ ਰੇਲਿੰਗ, ਜਾਂ ਹਾਰਡਵੁੱਡ ਦਾ ਕੰਮ ਕਰਵਾਉਣਾ ਹੈ ਤਾਂ ਸੰਪਰਕ ਕਰੋ।
Specialist In:
All Type of Residential & Commercial Woodwork
Interior Finishing: Kitchen Cabinets:
Railing & Decorating
Manpreet Thind
Ph: (403) 455-1000
www.perfectfinishing.ca
Perfect Finishing Corp.
NewStar Cabinets Ltd.
3341 19 St NE Calgary AB T2E 6S8


• Personal Tax Returns
• Corporate Tax Returns
• Bookkeeping
• GST/HST Filing
• Payroll
• WCB Returns
• Tax Planning
• New Business Consultation & Registration
SIDHU ACCOUNTING
PH: (403) 568 – 2667
Email: info@sidhuaccounting.com
Address: 202, 4656 Westwinds Drive NE Calgary, Alberta T3J 3Z5


Asia Pacific Immigration Consulting Ltd.
ਏਸ਼ੀਆ ਪੈਸੇਫਿਕ ਇਮੀਗਰੇਸ਼ਨ ਕੰਸਲਟਿੰਗ ਲਿਮਟਡ
ਇਮੀਗ੍ਰੇਸ਼ਨ ਸੇਵਾਵਾਂ
•ਮਾਪਿਆਂ ਲਈ ਸੁਪਰ ਵੀਜ਼ਾ •ਪਰਿਵਾਰਕ ਸਪਾਂਸਰਸ਼ਿਪ
•ਐਲ ਐਮ ਓ ਐਪਲੀਕੇਸ਼ਨ •ਵਰਕ ਪਰਮਿਟ
•ਰੱਦ ਕੀਤੇ ਕੇਸਾਂ ਵਾਸਤੇ ਅਪੀਲ
Maninder S. Dhillon
Regulated Immigration Consultant of Canada
Member ICCRC #R 409807
Member CAPIC
Commissioner for Oaths (Alberta)
Fax: 1-877-557-2001
iccrc crcic
Call for an appointment
403-225-1111
Toll Free 1-855-723-0001
Unit 144, 3670, 63rd Ave, NE, Calgary, AB (Behind ATB Head Office)
Email: info@apacimmigration.ca Website : www.apacimmigration.ca


Delta-A Stucco Ltd.
All Types of Stucco Work
Specialist in : Acrylic and Texture Acrylic
Quality Workmanship
Ajmer Garcha
Free Estimate
81 Taralea Manor NE Calgary AB T3J 5C4
Ph : 403-615-0583, Fax : 403-351-8157
Email : deltaastuccoltd.@hotmail.com


NE
NORTHEAST AUTOMOTIVE
Bring your vehicle into NorthEast Automotive and be on smoother, stress free roads
First Choice for Engine Repair
ਆਪਣੀ ਕਾਰ ਦੀ ਤਸੱਲੀਬਖਸ਼ ਰਿਪੇਅਰ ਅਤੇ ਇੰਜਣ ਦੇ ਨੰਬਰ 1 ਕੰਮ ਲਈ ਸਾਡੇ ਨਾਲ ਸੰਪਰਕ ਕਰੋ।
Contact:
DEEP
4205-17 Ave SE
Calgary (AB)
Fax: 403 313 9993
Email: deep@neauto.ca
www.neauto.ca Ph. 403-263-1000, 403-250-7038

# ਤੇਰੀ ਚਿੱਠੀ ਨੂੰ ਫਰੇਮ ਮੜ੍ਹਾਵਾਂ........................

ਅੱਜ ਦੇ ਸਮੇਂ ਦੀਆਂ ਗੱਲਾਂ ਤਾਂ ਕੁਝ ਹੋਰ ਹੀ ਹਨ ਕਿਉਂਕਿ ਤੁਸੀਂ ਆਪਣੇ ਸਾਕ ਸਬੰਧੀ ਆਪਣੇ ਮਿੱਤਰ ਜਾਂ ਕਿਸੇ ਵੀ ਰਿਸ਼ਤੇਦਾਰ ਨਾਲ ਜਦੋਂ ਵੀ ਜੀ ਚਾਹੇ ਮੋਬਾਈਲ ਤੇ ਗੱਲਬਾਤ ਕਰ ਲੈਂਦੇ ਹੋ। ਹਰ ਇੱਕ ਮਨੁੱਖ ਦੇ ਹੱਥ ਵਿੱਚ ਮੋਬਾਈਲ ਨ ਦੇਖਿਆ ਜਾ ਸਕਦਾ ਹੈ। ਤਾਂ ਹੀ ਤਾਂ ਕਿਹਾ ਜਾਂਦਾ ਹੈ ਕਿ ਵਿਗਿਆਨ ਨੇ ਸੰਸਾਰ ਨੂੰ ਮਨੁੱਖ ਦੀ ਮੁੱਠੀ ਵਿੱਚ ਬੰਦ ਕਰ ਦਿੱਤਾ ਹੈ। ਕਿੰਨੇ ਵੀ ਦੂਰ ਦੁਰਾਡੇ ਆਪਣੇ ਜਾਣ-ਪਹਿਚਾਣ ਵਾਲੇ ਨਾਲ ਗੱਲ ਕੀਤੀ ਜਾ ਸਕਦੀ ਹੈ, ਉਹ ਭਾਵੇਂ ਸੰਸਾਰ ਦੇ ਕਿਸੇ ਵੀ ਕੋਨੇ ਵਿੱਚ ਕਿਉਂ ਨਾ ਵਸਦਾ ਹੋਵੇ। ਵਿਗਿਆਨ ਦਾ ਚਮਤਕਾਰ ਹੈ ਹੀ ਪਰ ਇਸ ਨੇ ਮਨੁੱਖਤਾ ਨੂੰ ਨੇੜਤਾ ਦੀ ਡੋਰੀ ਵਿੱਚ ਬੰਨ੍ਹ ਦਿੱਤਾ ਹੈ। ਦੇਖਣ ਵਿੱਚ ਆਉਂਦਾ ਹੈ ਕਿ ਪੰਜਾਬ ਦੇ ਹਜਾਰਾਂ ਨਹੀਂ ਲੱਖਾਂ ਧੀਆਂ-ਪੁੱਤਰ ਵਿਦੇਸ਼ਾਂ ਵਿੱਚ ਪੜ੍ਹਦੇ ਹਨ ਜਾਂ ਕਿਸੇ ਰੋਜ਼ਗਾਰ ਲਈ ਵਿਦੇਸ਼ ਗਏ ਹੋਏ ਹਨ। ਪੰਜਾਬ ਵਿੱਚ ਬੈਠੇ ਮਾਪੇ, ਪੁੱਤਰਾਂ-ਧੀਆਂ ਨੂੰ ਮਿਲਣ ਤਾਂ ਨਹੀਂ ਜਾ ਸਕਦੇ ਪਰ ਮੁਬਾਈਲ ਤੇ ਉਨ੍ਹਾਂ ਨਾਲ ਹਰ ਰੋਜ਼ ਹੀ ਗੱਲਬਾਤ ਕਰਕੇ ਆਪਣੇ ਮੋਹ ਦੀਆਂ ਤੰਦਾਂ ਨੂੰ ਸ਼ਾਂਤ ਕਰ ਲੈਂਦੇ ਹਨ। ਹੁਣ ਤਾਂ ਹੋਰ ਵੀ ਕਮਾਲ ਹੋ ਚੁੱਕਿਆ ਹੈ ਦੂਰ ਵਿਦੇਸ਼ ਵਿੱਚ ਬੈਠੇ ਆਪਣੇ ਧੀ-ਪੁੱਤਰ ਨਾਲ ਕੋਈ ਵੀ ਮਾਂ ਜਾਂ ਬਾਪ ਉਸ ਨਾਲ ਸਾਹਮਣੇ ਫੋਟੋ ਦੇਖਕੇ ਗੱਲ ਕਰ ਸਕਦਾ ਹੈ। ਇਸ ਤਰ੍ਹਾਂ ਹਜ਼ਾਰਾਂ ਮੀਲ ਦੂਰ ਬੈਠੇ ਆਪਣੇ ਪੁੱਤ ਨਾਲ ਗੱਲ ਕਰਕੇ ਮਾਂ ਦੇ ਮਨ ਨੂੰ ਕੁਝ ਢਾਰਸ ਜ਼ਰੂਰ ਮਿਲਦਾ ਹੈ, ਮਾਂ ਨੂੰ ਤਸੱਲੀ ਹੋ ਜਾਂਦੀ ਹੈ ਕਿ ਉਸਨੇ ਆਪਣੇ ਪੁੱਤਰ ਨਾਲ ਗੱਲਬਾਤ ਕਰ ਲਈ ਹੈ ਅਤੇ ਉਹ ਰਾਜ਼ੀ-ਖੁਸ਼ੀ ਹੈ।

ਪਰ ਅੱਜ ਤੋਂ 50-60 ਸਾਲ ਪਹਿਲਾ ਦਾ ਸਮਾਂ ਅਜਿਹਾ ਨਹੀਂ ਸੀ ਲੋਕਾਂ ਪਾਸ ਮੋਬਾਈਲ ਨਹੀਂ ਸਨ, ਕਿਸੇ-ਕਿਸੇ ਅਮੀਰ ਘਰ ਵਿੱਚ ਟੈਲੀਫੋਨ ਲੱਗਿਆ ਹੋਇਆ ਸੀ। ਪਰ ਜੇ ਉਸ ਸਮੇਂ ਤੋਂ ਵੀ ਕੁਝ ਪਿਛਲੇ ਚਲੇ ਜਾਈਏ ਤਾਂ ਕਿਸੇ ਦੀ ਖਬਰ ਸਾਰ ਲੈਣੀ ਜਾਂ ਕਿਸੇ ਨੂੰ ਕੋਈ ਸੁਨੇਹਾ ਭੇਜਣਾ ਹੁੰਦਾ ਸੀ ਤਾਂ ਇਕੋ ਇਕ ਸਾਧਨ ਹੁੰਦਾ ਸੀ ਚਿੱਠੀਆਂ ਦਾ। ਅੰਗ੍ਰੇਜ਼ੀ ਕਾਲ ਤੋਂ ਪੰਜਾਬ ਵਿੱਚ ਚਿੱਠੀਆਂ ਪਾਉਣ ਦਾ ਸਿਲਸਿਲਾ ਸ਼ੁਰੂ ਹੋ ਗਿਆ ਕਿਉਂਕਿ ਲੋਕਾਂ ਨੂੰ ਡਾਕਖਾਨੇ ਬਾਰੇ ਪਤਾ ਚਲ ਗਿਆ ਸੀ ਕਿ ਸਨੇਹੇ ਭੇਜਣ ਲਈ ਡਾਕਖਾਨੇ ਕਿਸ ਤਰ੍ਹਾਂ ਕੰਮ ਕਰਦੇ ਸਨ। ਕਿਸੇ ਡਾਕਖਾਨੇ ਦੇ ਬਾਹਰ ਪਏ ਲਾਲ ਰੰਗ ਦੇ ਲੈਟਰ ਬਕਸ ਨੂੰ ਦੇਖ ਉਹ ਖੁਸ਼ ਹੋ ਜਾਂਦੇ ਸਨ। ਪਰ ਇਹ ਚਿੱਠੀਆਂ ਲਿਖਣ ਅਤੇ ਪੜਨ ਦਾ ਕੰਮ ਵੀ ਕੋਈ ਸੌਖਾ ਨਹੀਂ ਸੀ। ਵਧੇਰੇ ਜਨਤਾ ਅਨਪੜ੍ਹ ਸੀ, ਬਹੁਤ ਘੱਟ ਲੋਕ ਪੜ੍ਹੇ ਲਿਖੇ ਸਨ ਜੋ ਚਿੱਠੀ ਲਿਖ ਜਾਂ ਪੜ੍ਹ ਸਕਦੇ ਸਨ। ਕੁੜੀਆਂ ਬਹੁਤੀਆਂ ਅਨਪੜ੍ਹ ਹੀ ਸਨ ਇਸੇ ਕਰਕੇ ਉਨ੍ਹਾਂ ਨੂੰ ਵਿਆਹ ਤੋਂ ਬਾਅਦ ਆਪਣੇ ਪੇਕਿਆਂ ਨੂੰ ਚਿੱਠੀ ਰਾਹੀਂ ਸੁਨੇਹਾ ਭੇਜਣਾ ਮੁਸ਼ਕਿਲ ਹੁੰਦਾ ਜੇ ਕਿਤੇ ਕਿਸੇ ਮੁਟਿਆਰ ਦਾ ਘਰਵਾਲਾ ਨੌਕਰੀ ਬਾਹਰ ਕਰਦਾ ਜਾਂ ਫੌਜ ਵਿੱਚ ਭਰਤੀ ਹੋ ਜਾਂਦਾ ਤਾਂ ਉਹ ਜਾਣਦੀ ਸੀ ਕਿ ਉਸਦਾ ਪਤੀ ਨੂੰ ਸੁਨੇਹਾ ਜਾਂ ਸੁੱਖ-ਸ਼ਾਂਦ ਭੇਜਣ ਦਾ ਇਕੋ ਇਕ ਰਸਤਾ ਚਿੱਠੀਆਂ ਸਨ। ਜੋ ਉਸਨੂੰ ਲਿਖਣੀ ਨਹੀਂ ਸੀ ਆਉਂਦੀ ਤਾਂ ਉਹ ਡਾਕੀਏ ਜਾਂ ਕਿਸੇ ਪੜ੍ਹੇ ਲਿਖੇ ਮਨੁੱਖ ਦੀਆਂ ਮਿੰਨਤਾਂ ਕਰਦੀ । ਤਾਂ ਉਹ ਆਪ ਹੀ ਕਈ ਪੜ੍ਹਾਕੂ ਲੱਭ ਕੇ ਕਹਿੰਦੀ -

ਮੇਰੇ ਖੱਤ ਤੇ ਪਾ ਦੇ ਸਿਰਨਾਵਾਂ,
ਵੇ ਬਹੁਤਿਆਂ ਪੜ੍ਹਾਕੂ ਮੁੰਡਿਆਂ।

ਪਰ ਕਈ ਵਾਰ ਜਦੋਂ ਕਿਸੇ ਮੁਟਿਆਰ ਦਾ ਫੌਜੀ ਉਸਨੂੰ ਆਪਣੇ ਆਉਣ ਬਾਰੇ ਨਾ ਲਿਖਦਾ ਤਾਂ ਉਹ ਦੁਖੀ ਮਨ ਨਾਲ ਕਹਿ ਦੇਂਦੀ-

**ਕਦੇ ਆਉਣ ਦੀ ਚਿੱਠੀ ਨਾ ਪਾਈ**
**ਕਾਗਜ਼ਾਂ ਦਾ ਘਰ ਭਰ ਤਾ।**

ਪਰ ਕਈ ਵਾਰ ਫੌਜੀ ਚਿੱਠੀਆਂ ਤਾਂ ਭੇਜ ਦੇਂਦਾ ਪਰ ਉਸ ਪਰ ਸਿਰਨਾਵਾਂ ਆਮ ਕਰਕੇ ਬਜ਼ੁਰਗਾਂ ਦਾ ਲਿਖਿਆ ਹੁੰਦਾ ਜੋ ਫੌਜਣ ਨੂੰ ਚੁੰਬਦਾ ਰਹਿੰਦਾ ਕਿ ਉਸਦੇ ਘਰ ਵਾਲਾ ਉਸਦੇ ਨਾਂ ਤੇ ਚਿੱਠੀ ਕਿਉਂ ਨਹੀਂ ਭੇਜਦਾ ਤਾਂ ਉਹ ਉਲਾਂਭਾ ਦੇਂਦੀ ਅਤੇ ਨਾਲ ਹੀ ਪ੍ਰੇਮ ਵੀ ਜਿਤਾਉਂਦੀ-

**ਤੇਰੀ ਚਿੱਠੀ ਨੂੰ ਫਰੇਮ ਮੜ੍ਹਾਵਾਂ,**
**ਵੇ ਮੇਰੇ ਨਾਂ ਤੇ ਪਾ ਨੌਕਰਾਂ।**

ਚਿੱਠੀਆਂ ਦਾ ਇਹ ਸਿਲਸਿਲਾ ਬਹੁਤ ਹੀ ਮਨਭਾਉਂਦਾ ਸੀ। ਜਦੋਂ ਕਦੇ ਛੁੱਟੀਆਂ ਕਾਰਣ ਜਾਂ ਸਰਕਾਰ ਵਲੋਂ ਕੋਈ ਡਾਕਖਾਨਾ ਬੰਦ ਕਰ ਦਿੱਤਾ ਜਾਂਦਾ ਤਾਂ ਨੌਕਰ ਦੇ ਘਰ ਵਾਲੀ ਨੂੰ ਪੁਰਾਣੇ ਸਮੇਂ ਯਾਦ ਆਉਂਦੇ ਜਦੋਂ ਸੁਨੇਹੇ ਚਿੱਠੀਆਂ ਦੀ ਥਾਂ ਕਬੂਤਰਾਂ ਰਾਹੀਂ ਭੇਜੇ ਜਾਂਦੇ ਸਨ ਅਤੇ ਰਾਜੇ-ਮਹਾਰਾਜੇ ਆਪਣੇ ਸੁਨੇਹੇ ਭੇਜਣ ਲਈ ਚੀਨੇ ਕਬੂਤਰ ਪਾਲਦੇ ਸਨ। ਤਾਂ ਡਾਕਖਾਨੇ ਦੇ ਬੰਦ ਹੋਣ ਤੋਂ ਦੁਖੀ ਪਤਨੀ ਆਪਣੇ ਮਨ ਨੂੰ ਸਮਝਾਉਂਦੀ ਹੋਈ ਕਹਿੰਦੀ-

**ਪੈਣਾ ਪਾਲਣਾ ਕਬੂਤਰ ਚੀਨਾ,**
**ਡਾਕਘਰ ਬੰਦ ਹੋ ਗਿਆ।**

ਗੱਲ ਵੀ ਸੱਚ ਸੀ ਜਦੋਂ ਚਿੱਠੀਆਂ ਭੇਜਣ ਤੋਂ ਸਿਵਾ ਹੋਰ ਕੋਈ ਰਸਤਾ ਨਾ ਹੋਵੇ ਤਾਂ ਕੋਈ ਨਾ ਕੋਈ ਤਰੀਕਾ ਤਾਂ ਲੱਭਣਾ ਹੀ ਹੈ। ਜਦੋਂ ਕੋਈ ਫੌਜੀ ਲਾਮ ਤੇ ਗਿਆ ਹੋਵੇ ਤਾਂ ਉਸਦੇ ਘਰਵਾਲੀ ਦਾ ਚਿੱਠੀਆਂ ਉਡੀਕਦੀ ਦਾ ਦਿਨ ਰਾਤ ਭਰੇ ਮਨ ਵਿੱਚ ਹੀ ਲੰਘਦਾ ਤਾਂ ਜੋ ਕਦੇ ਲਾਮ ਤੋਂ ਚਿੱਠੀ ਆ ਵੀ ਜਾਂਦੀ ਤਾਂ ਉਹ ਚਿੱਠੀ ਨੂੰ ਦੇਖ ਕੇ ਹੀ ਰੋ ਰੋ ਕੇ ਆਪਣਾ ਬੁਰਾ ਹਾਲ ਕਰ ਲੈਂਦੀ -

**ਚਿੱਠੀ ਢੋਲ ਦੀ ਲਾਮ ਤੋਂ ਆਈ,**
**ਤਿੱਪ ਤਿੱਪ ਰੋਈਆਂ ਅੱਖੀਆਂ।**

ਪਰ ਅਜਿਹੀ ਹੀ ਚਿੱਠੀ ਜੇ ਕਿਸੇ ਦੇ ਪ੍ਰਦੇਸ਼ ਗਏ ਚੰਨ ਦੀ ਆਈ ਹੋਵੇ ਤਾਂ ਉਹ ਚਿੱਠੀ ਸਾਰੇ ਪ੍ਰੀਵਾਰ ਲਈ ਖੁਸ਼ੀਆਂ ਦਾ ਹੜ੍ਹ ਲੈ ਆਉਂਦੀ ਸੀ। ਜਿਵੇਂ ਵਲੈਤ ਗਏ ਭਰਾਂ ਦੀ ਚਿੱਠੀ ਆਉਣ ਤੇ ਨਣਦ-ਭਰਜਾਈ ਦੋਹਾਂ ਦੀ ਖੁਸ਼ੀ ਠਾਠਾਂ ਮਾਰਨ ਲੱਗਦੀ ਅਤੇ ਭੱਜੀ ਆਉਂਦੀ ਨਣਦ ਆਪਣੀ ਭਰਜਾਈ ਨੂੰ ਕਹਿੰਦੀ ਫਿਰਦੀ-

**ਚਿੱਠੀ ਵੀਰ ਦੀ ਵਲੈਤੋਂ ਆਈ**
**ਬਹਿ ਜਾ ਨੀ ਸੁਣਾਵਾਂ ਭਾਬੀਏ।**

ਇਸੇ ਤਰ੍ਹਾਂ ਮੈਨੂੰ ਯਾਦ ਹੈ ਕਿ ਸੰਨ 1962 ਵਿੱਚ ਜਦੋਂ ਹਿੰਦ-ਚੀਨ ਦੀ ਲੜਾਈ ਲੱਗੀ ਸੀ ਤਾਂ ਇਨ੍ਹਾਂ ਚਿੱਠੀਆਂ ਨੇ ਬਹੁਤ ਹੀ ਦੇਸ਼ ਪਿਆਰ ਦੇ ਲਹਿਜੇ ਵਾਲਾ ਸੱਭਿਆਚਾਰਕ ਰੰਗ ਲੈ ਲਿਆ ਸੀ ਅਤੇ ਉਸ ਸਮੇਂ ਕਈ ਵਾਰ ਫੌਜੀਆਂ ਨੂੰ ਸਮਾਂ ਹੀ ਨਾ ਲੱਗਦਾ ਕਿ ਉਹ ਡਾਕਖਾਨੇ ਜਾ ਕੇ ਆਪਣੇ ਪ੍ਰੀਵਾਰ ਨੂੰ ਜਾਂ ਖਾਸ ਕਰਕੇ ਆਪਣੀ ਘਰਵਾਲੀ ਨੂੰ ਚਿੱਠੀ ਤੇ ਡਾਕ ਟਿਕਟ ਲਗਵਾ ਦੇਂਦਾ ਤਾਂ ਕਾਹਲੀ ਵਿਚ ਉਹ ਚਿੱਠੀ ਨੂੰ ਬੇਰੰਗ ਹੀ ਭੇਜ ਦੇਂਦਾ ਪਰ ਇਹ ਬੇਰੰਗ ਚਿੱਠੀਆ ਪਾ ਕੇ ਘਰ ਵਾਲੀ ਕੁਝ ਨਰਾਜ਼ਗੀ ਦਿਖਾਉਂਦੀ ਹੋਈ ਕਹਿੰਦੀ -

**ਕਿਹੜੀ ਛਾਉਣੀ 'ਚ ਲਵਾ ਲਿਆ ਨਾਮਾ**
**ਚਿੱਠੀਆਂ ਬੇਰੰਗ ਭੇਜਦਾ।**

ਪਰ ਕਿਉਂਕਿ ਕਿਸੇ ਵਿਆਹੀ ਮੁਟਿਆਰ ਨੇ ਆਪਣੀ ਚਿੱਠੀ ਵਿੱਚ ਕੁਝ ਪਿਆਰ ਇਸ਼ਕ ਦੀਆਂ ਗੱਲਾਂ ਵੀ ਲਿਖਣੀਆਂ ਹੁੰਦੀਆਂ ਸਨ ਤਾਂ ਉਹ ਇਹ ਕਿਸੇ ਤੋਂ ਨਹੀਂ ਸੀ ਲਿਖਵਾ ਸਕਦੀ। ਇਸ ਤਰ੍ਹਾਂ ਉਸਨੇ ਖੁਦ ਹੀ ਪੜ੍ਹਨਾ ਲਿਖਣਾ ਸ਼ੁਰੂ ਕੀਤਾ ਅਤੇ ਚਿੱਠੀਆਂ ਆਪ ਹੀ ਲਿਖਣ ਲੱਗੀ ਅਤੇ ਇਸ ਤਰ੍ਹਾਂ ਦੇ ਬਹਾਨੇ ਉਹ ਪੜ੍ਹਨਾ ਲਿਖਣਾ ਸਿੱਖ ਜਾਂਦੀ ਪਰ ਉਸ ਨੂੰ ਪੰਜਾਬੀ ਪੈਂਤੀ ਦੇ ਅੱਖਰ ਸਿੱਖਣਾ ਬਹੁਤ ਚੰਗਾ ਲਗਦਾ। ਉਸਨੂੰ ਪੈਂਤੀ ਦੇ ਇਨ੍ਹਾਂ ਅੱਖਰਾਂ ਵਿਚੋਂ ਆਪਣੇ ਢੋਲ ਦੇ ਪਿਆਰ ਦਾ ਅਨੰਦ ਜਿਹਾ ਆਉਂਦਾ ਮਹਿਸੂਸ ਹੁੰਦਾ ਤਾਂ ਹੀ ਤਾਂ ਉਹ ਆਪਣੇ ਫੌਜੀ ਨੂੰ ਲਿਖ ਦੇਂਦੀ ਸੀ -

**ਤੈਨੂੰ ਚਿੱਠੀਆਂ ਲਿਖਣ ਦੀ ਮਾਰੀ,**
**ਊੜਾ, ਐੜਾ ਪੜ੍ਹਾਂ ਮਿੱਤਰਾਂ।**

ਪਰ ਇਹ ਆਮ ਹੀ ਹੁੰਦਾ ਸੀ ਕਿ ਇਹ ਚਿੱਠੀਆਂ ਘਰਾਂ ਵਿੱਚ ਵੰਡਣ ਵਾਲਾ ਡਾਕੀਆ ਸਰਕਾਰੀ ਮੁਲਾਜ਼ਮ ਹੁੰਦਾ ਸੀ ਅਤੇ ਸਦਾ ਖਾਕੀ ਵਰਦੀ ਪਾ ਕੇ ਪਿੰਡਾਂ ਦੀਆਂ ਗਲੀਆਂ ਵਿੱਚ ਫਿਰਦਾ, ਘਰ ਲੱਭ-ਲੱਭ ਕੇ ਚਿੱਠੀਆਂ ਵੰਡਦਾ। ਜਿਹੜੀਆਂ ਮੁਟਿਆਰਾਂ ਨੂੰ ਆਪਣੇ ਢੋਲ ਦੀ ਚਿੱਠੀ ਆਉਣ ਦੀ ਉਡੀਕ ਹੁੰਦੀ ਉਹ ਬਾਰੀ ਵਿਚੋਂ ਡਾਕੀਏ ਦਾ ਰਾਹ ਤੱਕਦੀ ਅਤੇ ਜੇ ਡਾਕੀਏ ਨੂੰ ਦੇਖ ਲੈਂਦੀ ਭੱਜ ਕੇ ਚਿੱਠੀ ਬਾਰੇ ਪੁੱਛਦੀ। ਤਾਂ ਹੀ ਉਹ ਦੱਸਦੀ ਸੀ -

**ਕੀ ਮੇਰੇ ਢੋਲ ਦੀ ਚਿੱਠੀ ਕੋਈ ਆਈ,**
**ਡਾਕੀਏ ਨੂੰ ਪੁੱਛਦੀ ਫਿਰਾਂ।**

ਇਸ ਤਰ੍ਹਾਂ ਇਹ ਸਾਧਾਰਣ ਜਿਹੀਆਂ ਚਿੱਠੀਆਂ ਪੰਜਾਬ ਦੇ ਪਿੰਡਾਂ ਵਿੱਚ ਆਪਣੀ ਵਿਸ਼ੇਸ਼ ਪਹਿਚਾਣ ਬਣਾ ਲੈਂਦੀਆਂ ਅਤੇ ਇਨ੍ਹਾਂ ਚਿੱਠੀਆਂ ਦੇ ਮੋਹ ਨੇ ਹੀ ਪੰਜਾਬੀ ਸੱਭਿਆਚਾਰ ਨੂੰ ਇੱਕ ਨਵਾਂ ਹੀ ਰੰਗ ਦੇ ਦਿੱਤਾ। ਅੱਜ ਵਿਗਿਆਨ ਦੇ ਯੁੱਗ ਨੇ ਸਾਡੇ ਪਾਸੋ ਉਹ ਬਹੁਤ ਹੀ ਮਨੋਰੰਜਕ ਦ੍ਰਿਸ਼ ਅਤੇ ਸਨੇਹ ਭਰਿਆ ਵਾਤਾਵਰਣ ਹੀ ਖੋਹ ਲਿਆ ਹੈ ਅਤੇ ਡਾਕੀਏ ਵੀ ਵਿਰਲੇ-ਵਿਰਲੇ ਦਿਖਾਈ ਦੇਂਦੇ ਹਨ। ਪਰ ਕਦੇ ਸਮਾਂ ਸੀ ਕਿ ਜਦੋਂ ਕੋਈ ਚਿੱਠੀ ਅੱਲੜ ਮੁਟਿਆਰਾਂ ਦਾ ਕਾਲਜਾਂ ਕੱਢ ਕੇ ਲਹਿ ਜਾਂਦੀ ਸੀ ਅਤੇ ਉਹ ਮੁਟਿਆਰਾਂ ਖਾਸ-ਖਾਸ ਚਿੱਠੀਆਂ ਨੂੰ ਸੰਭਾਲ-ਸੰਭਾਲ ਕੇ ਸੰਦੂਕਾਂ ਵਿੱਚ ਰੱਖਦੀਆਂ ਜਾਂ ਸ਼ੀਸ਼ਿਆਂ ਵਿੱਚ ਫਰੇਮ ਕਰਵਾ ਲੈਂਦੀਆਂ। ਇਨ੍ਹਾਂ ਫਰੇਮ ਕੀਤੀਆਂ ਚਿੱਠੀਆਂ ਵਿਚੋਂ ਹੀ ਉਨ੍ਹਾਂ ਨੂੰ ਆਪਣੇ ਢੋਲ ਦਾ ਪਿਆਰ, ਝਲਕਦਾ ਨਜ਼ਰ ਆਉਂਦਾ।

**ਬਹਾਦਰ ਸਿੰਘ ਗੋਸਲ,**
**ਮਕਾਨ ਨੰ: 3098, ਸੈਕਟਰ-37 ਡੀ,**
**ਚੰਡੀਗੜ੍ਹ।**












# ਪੰਜ ਸੂਬਿਆਂ ਦੇ ਚੋਣ ਨਤੀਜੇ

## ਭਾਜਪਾ ਦੀ ਬੰਗਾਲ ਉੱਤੇ ਜਿੱਤ ਆਪ ਲਈ ਖ਼ਤਰੇ ਦੀ ਘੰਟੀ





ਦਰਸ਼ਨ ਸਿੰਘ ਦਰਸ਼ਕ

ਦੇਸ਼ ਵਿੱਚ 5 ਸੂਬਿਆਂ ਵਿੱਚ ਹੋਈਆਂ ਵਿਧਾਨ ਸਭਾ ਚੋਣਾਂ ਦੇ ਨਤੀਜਿਆਂ ਨੇ ਸਾਰੇ ਦੇਸ਼ ਦੇ ਸਿਆਸੀ ਸਮੀਕਰਨਾਂ ਨੂੰ ਨਵਾਂ ਮੋੜ ਦੇ ਦਿੱਤਾ ਹੈ। ਖ਼ਾਸ ਕਰਕੇ ਪੱਛਮੀ ਬੰਗਾਲ ਵਿੱਚ 15 ਸਾਲ ਤੋਂ ਸੱਤਾ ਵਿੱਚ ਚਲੀ ਆ ਰਹੀ ਤ੍ਰਿਣਮੂਲ ਕਾਂਗਰਸ ਨੂੰ ਵੱਡਾ ਝਟਕਾ ਦਿੰਦੇ ਹੋਏ ਭਾਜਪਾ ਨੇ ਸੱਤਾ ਹਾਸਲ ਕਰ ਰਹੀ ਹੈ। ਅਸਾਮ ਵਿੱਚ ਭਾਜਪਾ ਪਹਿਲਾਂ ਹੀ ਕਾਬਜ਼ ਸੀ ਅਤੇ ਉੱਥੇ ਫਿਰ ਤੋਂ ਭਾਜਪਾ ਦਾ ਝੰਡਾ ਲਹਿਰਾਏਗਾ ਤੇ ਪਡੂਚਿਰੀ ਵਿੱਚ ਫਿਰ ਤੋਂ ਭਗਵਾ ਪਾਰਟੀ ਸੱਤਾ ਵਿਚ ਆ ਗਈ ਹੈ। ਇਨ੍ਹਾਂ ਨਤੀਜਿਆਂ ਵਿੱਚ ਕਾਂਗਰਸ ਨੂੰ ਕੇਰਲਮ ਵਿੱਚ ਖ਼ੁਸ਼ ਹੋਣ ਦਾ ਮੌਕਾ ਜਿੱਥੇ ਉਸ ਨੇ ਖੱਬੇ ਪੱਖੀ ਫ਼ਰੰਟ ਨੂੰ ਹਰਾ ਕੇ ਜਿੱਤ ਦਾ ਝੰਡਾ ਲਹਿਰਾਇਆ ਹੈ ਪਰ ਵੱਡਾ ਉਲਟ ਫੇਰ ਤਾਮਿਲਨਾਡੂ ਵਿਚ ਹੋਇਆ ਜਿੱਥੇ ਬਿਲਕੁਲ ਨਵੀਂ ਪਾਰਟੀ ਟੀ ਵੀ ਕੇ ਜਿੱਤ ਦੇ ਨੇੜੇ ਪੁੱਜ ਗਈ ਹੈ ਅਤੇ ਸੱਤਾਧਾਰੀ ਡੀ ਐੱਮ ਕੇ ਹਾਰ ਗਈ ਹੈ।

ਇਨ੍ਹਾਂ ਨਤੀਜਿਆਂ ਦਾ ਦੇਸ਼ ਦੀ ਸਿਆਸਤ ਉੱਤੇ ਤਾਂ ਪ੍ਰਭਾਵ ਪੈਣਾ ਹੀ ਹੈ ਪਰ ਪੰਜਾਬ ਵਿੱਚ ਪੱਛਮੀ ਬੰਗਾਲ ਵਿੱਚ ਤ੍ਰਿਣਮੂਲ ਕਾਂਗਰਸ ਦੀ ਹਾਰ ਤੋਂ ਬਾਅਦ ਸਾਰੀਆਂ ਪਾਰਟੀਆਂ ਆਪਣੇ ਨਜ਼ਰੀਏ ਨਾਲ ਵਿਸ਼ਲੇਸ਼ਣ ਕਰ ਰਹੀਆਂ ਹਨ। ਭਾਜਪਾ ਦੀ ਪੰਜਾਬ ਲੀਡਰਸ਼ਿਪ ਜੋ ਕਿ 2027 ਦੀਆਂ ਚੋਣਾਂ ਦੀ ਤਿਆਰੀ ਵਿੱਚ ਲੱਗੀ ਹੋਈ ਹੈ, ਉਹ ਹੁਣ ਇਸ ਆਸ ਵਿਚ ਹੈ ਕਿ ਪੰਜਾਬ ਵਿੱਚ ਜਿੱਤ ਹਾਸਲ ਕੀਤੀ ਜਾ ਸਕਦੀ ਹੈ। ਕੇਂਦਰੀ ਮੰਤਰੀ ਰਵਨੀਤ ਸਿੰਘ ਬਿੱਟੂ ਨੇ ਤਾਂ ਵੱਡੀ ਪ੍ਰਤੀਕ੍ਰਿਆ ਦਿੰਦੇ ਹੋਏ ਕਿਹਾ ਹੈ ਕਿ ਹੁਣ ਪੰਜਾਬ ਵਿੱਚ ਤਖ਼ਤਪਲਟ ਹੋਵੇਗਾ। ਬਿੱਟੂ ਦੀਆਂ ਅਜਿਹੀਆਂ ਟਿੱਪਣੀਆਂ ਨੂੰ ਜ਼ਿਆਦਾਤਰ ਲੋਕ ਗੰਭੀਰਤਾ ਨਹੀਂ ਲੈ ਦੇ ਕਿਉਂਕਿ ਪੰਜਾਬੀ ਸਮਝਦੇ ਹਨ ਕਿ ਇਸ ਲੀਡਰ ਨੂੰ ਤਾਂ ਭਾਜਪਾ ਨੇ ਰੱਖਿਆ ਹੀ ਸਨਸਨੀ ਫੈਲਾਉਣ ਲਈ ਹੈ।ਇਸ ਲਈ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਇਸ ਨੂੰ ਸ਼ੇਖ਼ਚਿਲੀ ਦੇ ਸੁਪਨੇ ਦੱਸਿਆ ਹੈ। ਇਸ ਸਭ ਦੇ ਬਾਵਜੂਦ ਇਨ੍ਹਾਂ ਸ਼ੰਕਿਆਂ ਜਾਂ ਸੰਭਾਵਨਾ ਨੂੰ ਅਣਗੌਲ਼ਿਆ ਵੀ ਨਹੀਂ ਕੀਤਾ ਜਾ ਸਕਦਾ ਕਿਉਂਕਿ ਹਾਲ ਹੀ ਵਿੱਚ ਜਿਸ ਤਰ੍ਹਾਂ ਆਪ੍ਰੇਸ਼ਨ ਲੋਟਸ ਨੇ ਆਮ ਆਦਮੀ ਪਾਰਟੀ ਦੇ 7 ਰਾਜ ਸਭਾ ਮੈਂਬਰਾਂ ਨੂੰ ਭਗਵਾ ਰੰਗ ਵਿੱਚ ਰੰਗਿਆ ਉਸ ਨੂੰ ਦੇਖਦੇ ਹੋਏ ਸਿਆਸੀ ਮਾਹਿਰ ਵੀ ਕਹਿਣ ਲੱਗੇ ਹਨ ਕਿ ਆਪ ਵਿੱਚ ਟੁੱਟ ਭੱਜ ਹੋ ਸਕਦੀ ਹੈ। ਲੇਕਿਨ ਚੜ੍ਹਦੀਕਲਾ ਦੇ ਉੱਘੇ ਕਾਲਮ ਨਵੀਸ ਕ੍ਰਿਸ਼ਨ ਕੁਮਾਰ ਰੱਤੂ ਨੇ ਨਾਲ-ਨਾਲ ਇਹ ਵੀ ਕਿਹਾ ਹੈ ਕਿ ਟੁੱਟਣ ਦੀ ਇਹ ਪ੍ਰਕ੍ਰਿਆ ਕੁਝ ਸਮੇਂ ਬਾਅਦ ਆਰੰਭ ਹੋਵੇਗੀ ਕਿਉਂਕਿ ਜਿਹੜੇ ਵਿਧਾਇਕ ਜਾਂ ਲੀਡਰ ਆਪ ਛੱਡਣ ਲਈ ਤਿਆਰ ਹਨ, ਉਨ੍ਹਾਂ ਨੂੰ ਡਰ ਹੈ ਕਿ ਉਨ੍ਹਾਂ ਖ਼ਿਲਾਫ਼ ਪੁਲਿਸ ਦੀ ਕਾਰਵਾਈ ਜਾਂ ਕੋਈ ਹੋਰ ਕਾਰਵਾਈ ਹੋ ਸਕਦੀ ਹੈ। ਉਨ੍ਹਾਂ ਨੇ ਦੇਖਿਆ ਹੀ ਹੈ ਕਿ ਕਿਸ ਤਰ੍ਹਾਂ ਸੰਦੀਪ ਪਾਠਕ ਖ਼ਿਲਾਫ਼ ਦੋ ਗੈਰ ਜ਼ਮਾਨਤੀ ਐੱਫ਼ ਆਈ ਆਰ ਦਰਜ ਕੀਤੀਆਂ ਗਈਆਂ ਹਨ, ਟਰਾਈਡੈਂਟ ਦੇ ਰਜਿੰਦਰ ਗੁਪਤਾ ਦੇ ਮਗਰ ਪੰਜਾਬ ਪ੍ਰਦੂਸ਼ਣ ਬੋਰਡ ਪੈ ਗਿਆ ਹੈ, ਲਵਲੀ ਯੂਨੀਵਰਸਿਟੀ ਦੇ ਚਾਂਸਲਰ ਅਸ਼ੋਕ ਗੁਪਤਾ ਦੀਆਂ ਜਾਇਦਾਦਾਂ ਦੀ ਘੋਖ ਹੋਣੀ ਸ਼ੁਰੂ ਹੋ ਗਈ ਹੈ, ਇਸ ਲਈ ਉਹ ਵੀ ਇੰਨੀ ਛੇਤੀ ਕੋਈ ਵੱਡਾ ਕਦਮ ਨਹੀਂ ਚੁੱਕ ਸਕਦੇ। ਪਰ ਇਸ ਸੰਭਾਵਨਾ ਨੂੰ ਰੱਦ ਨਹੀਂ ਕੀਤਾ ਜਾ ਸਕਦਾ ਕਿ ਆਉਣ ਵਾਲਾ ਸਮਾਂ ਆਮ ਆਦਮੀ ਪਾਰਟੀ ਲਈ ਚੁਨੌਤੀਆਂ ਭਰਿਆ ਹੋ ਸਕਦਾ ਹੈ। ਇਸ ਦੀ ਪੁਸ਼ਟੀ ਸਿਆਸੀ ਮਾਹਿਰ ਬਖ਼ਸ਼ੀਸ਼ ਸਿੰਘ ਸਮਰਾ ਵੀ ਕਰਦੇ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਭਾਜਪਾ ਬੰਗਾਲ ਚੋਣ ਜਿੱਤਣ ਤੋਂ ਬਾਅਦ ਪੰਜਾਬ ਵਿਚ ਫਾਈਟ ਮੋਡ ਵਿੱਚ ਆਵੇਗੀ। ਉਹ ਪੰਜਾਬ ਨੂੰ ਵੀ ਹਰ ਹਾਲ ਵਿਚ ਜਿੱਤਣ ਦੀ ਕੋਸ਼ਿਸ਼ਾਂ ਕਰੇਗੀ ਭਾਜਪਾ ਦੁਆਬਾ ਵਿੱਚ ਜ਼ਿਆਦਾ ਜ਼ੋਰ ਲਗਾਏਗੀ। ਸ਼ਹਿਰੀ ਸੀਟਾਂ ਦੀ ਗੇਮ ਬਦਲੇਗੀ। ਇਸ ਦਾ ਸਿੱਧਾ ਨੁਕਸਾਨ ਆਮ ਆਦਮੀ ਪਾਰਟੀ ਨੂੰ ਹੋਵੇਗਾ।ਇਸੇ ਲਈ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਡੇਰਾ ਬੱਲਾਂ ਵਿਖੇ ਨਤਮਸਤਕ ਹੋ ਕੇ ਅਸ਼ੀਰਵਾਦ ਵੀ ਲੈ ਕੇ ਗਏ ਸਨ।

ਨਿਸ਼ਚਿਤ ਹੀ ਭਾਜਪਾ ਦੀ ਜਿੱਤ ਬਾਅਦ ਲੀਡਰਸ਼ਿਪ ਇਸ ਜਸ਼ਨਾਂ ਦੇ ਮੂਡ ਵਿੱਚ ਹੈ ਪਰ ਹੁਣ ਸਵਾਲ ਇਹ ਵੀ ਪੈਦਾ ਹੁੰਦਾ ਹੈ ਕਿ ਕੀ ਭਾਜਪਾ ਪੰਜਾਬ ਵਿੱਚ ਇਕੱਲਿਆਂ ਹੀ ਚੋਣਾਂ ਲੜੇਗੀ। ਇਸ ਮੁੱਦੇ ਉੱਤੇ ਪਿਛਲੇ ਲੰਬੇ ਸਮੇਂ ਤੋਂ ਚਰਚਾ ਹੁੰਦੀ ਆਈ ਹੈ ਪਰ ਦੋਹਾਂ ਪਾਰਟੀਆਂ ਦੇ ਵੱਡੇ ਲੀਡਰ ਇਸ ਗੱਲ ਉੱਤੇ ਜ਼ੋਰ ਦਿੰਦੇ ਹਨ ਕਿ ਇਕੱਲਿਆਂ ਇਕੱਲਿਆਂ ਹੀ ਚੋਣ ਲੜੀ ਜਾਵੇਗੀ। ਹਾਲ ਵਿੱਚ ਜਦੋਂ ਕੇਂਦਰੀ ਮੰਤਰੀ ਅਮਿਤ ਸ਼ਾਹ ਨੇ ਮੋਗਾ ਵਿਖੇ ਰੈਲੀ ਕੀਤੀ ਸੀ ਤਾਂ ਉਦੋਂ ਵੀ ਆਪਣੇ ਵਰਕਰਾਂ ਨੂੰ ਇਹੀ ਸੁਨੇਹਾ ਦਿੱਤਾ ਸੀ ਕਿ ਭਾਜਪਾ ਪੰਜਾਬ ਵਿੱਚ ਇਕੱਲਿਆਂ ਸੱਤਾ ਵਿੱਚ ਆਵੇਗੀ।ਅੰਦਰਖਾਤੇ ਦੋਹਾਂ ਪਾਰਟੀਆਂ ਦੇ ਲੀਡਰ ਇਕ ਕਹਿੰਦੇ ਹਨ ਕਿ ਜੇਕਰ ਗੱਠਜੋੜ ਹੋ ਜਾਵੇ ਤਾਂ ਪੰਜਾਬ ਦੀ ਕੋਈ ਪਾਰਟੀ ਇਨ੍ਹਾਂ ਦੋਹਾਂ ਪਾਰਟੀਆਂ ਨੂੰ ਹਰਾ ਸਕਦੀ। ਇਸ ਲਈ ਆਮ ਆਦਮੀ ਪਾਰਟੀ ਤੇ ਕਾਂਗਰਸ ਵੀ ਇਹ ਨਹੀਂ ਚਾਹੁੰਦੇ ਕਿ ਇਹ ਗੱਠਜੋੜ ਹੋਵੇ। ਉਂਜ ਭਾਜਪਾ ਦੇ ਕੁਝ ਵੱਡੇ ਲੀਡਰ ਜੋ ਕਿ ਕਾਂਗਰਸ ਵਿਚੋਂ ਆਏ ਹਨ, ਕੈਪਟਨ ਅਮਰਿੰਦਰ ਸਿੰਘ ਅਤੇ ਸੁਨੀਲ ਜਾਖੜ ਇਸ ਗੱਲ ਦੀ ਵਕਾਲਤ ਕਰਦੇ ਹਨ ਕਿ ਦੋਹਾਂ ਪਾਰਟੀਆਂ ਨੂੰ ਗੱਠਜੋੜ ਕਰਨਾ ਚਾਹੀਦਾ ਹੈ। ਕੈਪਟਨ ਅਮਰਿੰਦਰ ਸਿੰਘ ਨੇ ਤਾਂ ਇੱਥੋਂ ਤੱਕ ਵੀ ਕਹਿ ਦਿੱਤਾ ਕਿ ਭਾਜਪਾ ਨੂੰ ਪੰਜਾਬ ਵਿੱਚ ਸੱਤਾ ਆਉਣ ਦੇ ਲਈ ਘੱਟੋ ਘੱਟ ਦੋ ਜਾਂ ਤਿੰਨ ਚੋਣਾਂ ਤੱਕ ਇੰਤਜ਼ਾਰ ਕਰਨਾ ਪਵੇਗਾ।

ਅਕਾਲੀ ਲੀਡਰਸ਼ਿਪ ਗੱਠਜੋੜ ਬਾਰੇ ਕੀ ਮਹਿਸੂਸ ਕਰਦੀ ਹੈ, ਇਹ ਵੀ ਵੱਡਾ ਸਿਆਸੀ ਸਵਾਲ ਹੈ। ਸੁਖਬੀਰ ਸਿੰਘ ਬਾਦਲ ਨੇ ਹਾਲ ਹੀ ਵਿੱਚ 40 ਦੇ ਕਰੀਬ ਵੱਖ-ਵੱਖ ਹਲਕਿਆਂ ਵਿੱਚ ਰੈਲੀਆਂ ਕੀਤੀਆਂ। ਇਨ੍ਹਾਂ ਰੈਲੀਆਂ ਨੂੰ ਭਰਾਵਾਂ ਹੁੰਗਾਰਾ ਵੀ ਮਿਲਿਆ। ਇਨ੍ਹਾਂ ਰੈਲੀਆਂ ਵਿਚ ਬਾਦਲ ਨੇ ਕਈ ਮੌਕਿਆਂ ਉੱਤੇ ਭਾਜਪਾ ਨੂੰ ਸਿੱਧਾ ਨਿਸ਼ਾਨਾ ਬਣਾਇਆ ਅਤੇ ਕਿਹਾ ਕਿ ਭਾਜਪਾ ਨੇ ਸਿੱਖ ਸੰਸਥਾਵਾਂ ਉੱਤੇ ਕਬਜ਼ਾ ਕੀਤਾ। ਹੋਰ ਵੀ ਸਿੱਖ ਮੁੱਦੇ ਅਜਿਹੇ ਹਨ, ਜੋ ਕਿ ਕੇਂਦਰ ਸਰਕਾਰ ਹੀ ਹੱਲ ਕਰ ਸਕਦੀ ਹੈ। ਉਨ੍ਹਾਂ ਬਾਰੇ ਭਾਜਪਾ ਦਾ ਰੁੱਖ ਉਸਾਰੂ ਨਹੀਂ ਹੈ। ਅਜਿਹੇ ਵਿੱਚ ਅਕਾਲੀ ਦਲ ਤਾਂ ਹੀ ਭਾਜਪਾ ਨਾਲ ਗੱਠਜੋੜ ਕਰ ਸਕਦਾ ਹੈ ਜੇਕਰ ਭਾਜਪਾ ਅਕਾਲੀ ਲੀਡਰਸ਼ਿਪ ਨੂੰ ਕੋਈ ਭਰੋਸਾ ਦੇਵੇ। ਪਰ ਭਾਜਪਾ ਨੇ ਹਾਲੇ ਤੱਕ ਨਾ ਤਾਂ ਗੱਠਜੋੜ ਬਾਰੇ ਕੋਈ ਸੰਕੇਤ ਦਿੱਤੇ ਹਨ ਅਤੇ ਨਾਲ ਸਿੱਖ ਮੁੱਦਿਆਂ ਦੇ ਹੱਲ ਲਈ ਕੋਈ ਵਾਅਦਾ ਕੀਤਾ ਹੈ। ਹਾਂ, ਉਸ ਨੂੰ ਇਸ ਗੱਲ ਦਾ ਅਹਿਸਾਸ ਵੀ ਹੈ ਕਿ ਪਿੰਡਾਂ ਵਿਚ ਉਹ ਹਾਲੇ ਤੱਕ ਆਪਣੇ ਪੈਰ ਪੂਰੇ ਨਹੀਂ ਪਸਾਰ ਸਕੀ।

ਸਿਆਸੀ ਮਾਹਿਰਾਂ ਦਾ ਕਹਿਣਾ ਹੈ ਕਿ ਜਦੋਂ ਤੱਕ ਪਿੰਡਾਂ ਵਿੱਚੋਂ ਭਾਜਪਾ ਨੂੰ ਭਰਵਾਂ ਹੁੰਗਾਰਾ ਨਹੀਂ ਮਿਲਦਾ ਉਦੋਂ ਤੱਕ ਉਹ ਪੰਜਾਬ ਵਿੱਚ ਸੱਤਾ ਵਿਚ ਆਉਣ ਦੇ ਸਮਰੱਥ ਨਹੀਂ ਹੋ ਸਕਦੀ। ਸਿੱਖ ਵੋਟ ਨੂੰ ਆਪਣੇ ਵੱਲ ਖਿੱਚਣ ਲਈ ਭਾਜਪਾ ਕੋਈ ਬਾਦਲ ਦਲ ਦਾ ਬਦਲ ਪੁਨਰ ਸੁਰਜੀਤ ਅਕਾਲੀ ਦਲ ਸੀ ਪਰ ਹੁਣ ਉਹ ਕੱਟੜਪੰਥੀ ਦਲ ਵਾਰਿਸ ਪੰਜਾਬ ਦੇ ਨਾਲ ਰਲ ਕੇ ਚੱਲਣ ਲਈ ਤਿਆਰ ਬੈਠਾ ਹੈ। ਦੂਜਾ ਇਹ ਅਕਾਲੀ ਦਲ ਓਨਾ ਸਮਰੱਥ ਨਹੀਂ ਬਣਿਆ ਜਿਸ ਦੀ ਆਸ ਕੀਤੀ ਜਾ ਰਹੀ ਸੀ। ਇਸ ਦੇ ਬਹੁਤ ਸਾਰੇ ਲੀਡਰ ਹੁਣ ਅਕਾਲੀ ਦਲ ਬਾਦਲ ਵਿਚ ਜਾਣ ਨੂੰ ਕਾਫ਼ੀ ਕਾਹਲੇ ਹਨ। ਜੇਕਰ ਅਕਾਲੀ-ਭਾਜਪਾ ਗੱਠਜੋੜ ਹੁੰਦਾ ਵੀ ਹੈ ਤਾਂ ਹੁਣ ਭਾਜਪਾ ਪਹਿਲੀਆਂ ਸ਼ਰਤਾਂ ਨਾਲ ਅਕਾਲੀ ਦਲ ਨਾਲ ਨਹੀਂ ਤੁਰੇਗੀ, ਭਾਵ ਹੁਣ ਛੋਟੇ ਭਰਾ ਦੀ ਭੂਮਿਕਾ ਵਿਚ ਨਹੀਂ ਰਹੇਗੀ।

ਪੰਜਾਬ ਕਾਂਗਰਸ ਉੱਤੇ ਭਾਜਪਾ ਦੀ ਜਿੱਤ ਦਾ ਕੀ ਅਸਰ ਹੋਵੇਗਾ, ਲੋਕਾਂ ਦੇ ਮਨ ਵਿੱਚ ਇਹ ਸਵਾਲ ਹੈ। ਕਾਂਗਰਸ ਆਪਣੀ ਧੜੇਬੰਦੀ ਕਾਰਨ ਰਾਹੁਲ ਗਾਂਧੀ ਲਈ ਵੀ ਚਿੰਤਾ ਦਾ ਵਿਸ਼ਾ ਬਣੀ ਹੋਈ। ਭਾਜਪਾ ਨੇ ਪਹਿਲਾਂ ਹੀ ਕਾਂਗਰਸ ਦੇ ਵੱਡੇ ਲੀਡਰਾਂ ਨੂੰ ਕਮਲ ਦੀ ਫੁੱਲ ਫੜਾ ਦਿੱਤਾ ਹੈ। ਹੁਣ ਹੋਰ ਵੀ ਲੀਡਰ ਭਾਜਪਾ ਦਾ ਪਰਨਾ ਪੁਆਉਣ ਲਈ ਕਾਹਲੇ ਵੀ ਹੋ ਸਕਦੇ ਹਨ। ਚੋਣਾਂ ਦੇ ਨਤੀਜਿਆਂ ਤੋਂ ਬਾਅਦ ਭਾਜਪਾ ਨਿਸ਼ਚਿਤ ਹੀ ਪੰਜਾਬ ਵਿੱਚ ਹਮਲਾਵਰ ਹੋ ਸਕਦੀ ਹੈ ਅਤੇ ਆਉਣ ਵਾਲੇ ਦਿਨਾਂ ਵਿੱਚ ਕੇਂਦਰੀ ਏਜੰਸੀਆਂ ਦੀ ਖ਼ੁਰਾਫ਼ਾਤ ਆਮ ਆਦਮੀ ਪਾਰਟੀ ਦੀ ਲੀਡਰਸ਼ਿਪ ਨੂੰ ਤੰਗ ਕਰ ਸਕਦੀਆਂ ਹਨ।

ਕਰਜ਼ਾ ਸਿਰ ਚੜ੍ਹ ਜਾਵੇ ਤਾਂ ਘਬਰਾਉਣ ਦੀ ਲੋੜ ਨਹੀਂ ਸਗੋਂ ਕਰਜ਼ੇ ਦੀ ਸੈਟਲਮੈਂਟ ਲਈ ਚੰਗੀ ਸਲਾਹ ਦੀ ਲੋੜ ਹੁੰਦੀ ਹੈ। ਪੰਜਾਬੀ ਵਿੱਚ ਗੱਲਬਾਤ ਕਰਨ ਲਈ ਹਰਮਨ ਬੁੱਟਰ ਜਾਂ ਸਿੰਮੀ ਪੰਧੇਰ ਨਾਲ ਗੱਲਬਾਤ ਕਰੋ।
403-232-6220

ਗੱਲ ਤਾਂ ਪਰਦੇ ਦੀ ਹੀ ਹੈ!
ਘਰ ਨਵਾਂ ਹੋਵੇ ਜਾਂ ਪੁਰਾਣਾ ਉਹਦੀ ਦਿੱਖ ਤਾਂ ਪਰਦਿਆਂ ਨਾਲ ਹੀ ਬਣਦੀ ਐ!

ਕਾਲ: 403 953 1000
E Mail: Contact@twcoverings.com
Web: www.twcoverings.com
Timelesswindowcoverings
ਸਾਡੇ ਕੋਲ ਵਿੰਡੋ ਬਲਾਈਂਡ ਦੀ ਬੇ-ਸ਼ੁਮਾਰ ਵਰਾਇਟੀ ਹੈ
ਸਾਡੀ ਟੀਮ ਦੇ ਮੈਂਬਰ ਤੁਹਾਡੇ ਘਰ ਆਕੇ ਹੀ ਤੁਹਾਨੂੰ ਡਿਜ਼ਾਈਨ ਦਿਖਾਕੇ ਤੁਹਾਡੀ ਪਸੰਦ ਦੇ ਬਲਾਈਂਡ ਬਣਾਕੇ ਦੇਣਗੇ।
TWC
TIMELESS WINDOW COVERINGS

# ਗੱਲ ਤਾਂ ਪਰਦੇ ਦੀ ਹੀ ਹੈ !

TWC
TIMELESS WINDOW
COVERINGS

ਘਰ ਨਵਾਂ ਹੋਵੇ ਜਾਂ
ਪੁਰਾਣਾ ਉਹਦੀ ਦਿੱਖ
ਤਾਂ ਪਰਦਿਆਂ ਨਾਲ ਹੀ ਬਣਦੀ ਐ !



ਸਾਡੇ ਕੋਲ ਵਿੰਡੋ ਬਲਾਈਂਡ
ਦੀ ਬੇ-ਸ਼ੁਮਾਰ ਵਰਾਇਟੀ ਹੈ

ਸਾਡੀ ਟੀਮ ਦੇ ਮੈਂਬਰ ਤੁਹਾਡੇ ਘਰ
ਆਕੇ ਹੀ ਤੁਹਾਨੂੰ ਡਿਜ਼ਾਈਨ
ਦਿਖਾਕੇ ਤੁਹਾਡੀ
ਪਸੰਦ ਦੇ ਬਲਾਈਂਡ
ਬਣਾਕੇ ਦੇਣਗੇ।

ਕਾਲ: 403 953 1000

E Mail: Contact@twcoverings.com
Web: www.twcoverings.com
Timelesswindowcoverings